Reshmi's Group

ETHINIC FOOD DISTRIBUTOR

Best QUALITY GUARANTEED




## COLOURFUL WOODEN COT

(ਰੰਗੀਨ ਲੱਕੜ ਦੇ ਬਿਸਤਰੇ)

recommended




## COLOURFUL STEEL COT

(ਰੰਗੀਨ ਸਟੀਲ ਦੇ ਬਿਸਤਰੇ)



## FOLDING COT

(ਫੋਲਡਿੰਗ ਕੋਟ)

BUY NOW

**For Wholesale Order at :**

1120 Andover Park E,Tukwila, WA 98188,T: (206) 575-0050, E: sales@reshmisgroup.com.



# DIAMONDS!

Diamond Necklace
Wedding Sets
and
Wedding Rings

**50% off**

Come see our collection

## ਡਾਇਮੰਡਜ !

ਅਸੀਂ ਹਣ ਡਾਇਮੰਡ ਨੈਕ੍ਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ

**50% off**

ਆ ਕੇ ਕੁਲੈਕਸ਼ਨ ਦੇਖੋ

# Season Special!

Visit our store for special pricing when buying
50 grams or more of 22k Gold Jewelry!

# ਸੀਜਨ ਸਪੈਸ਼ਲ !

ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

**CASH FOR GOLD**

ਸੋਨੇ ਬਦਲੇ
ਡਾਲਰ ਲਉ

ਸਾਡੀਆਂ
ਕੀਮਤਾਂ
ਬਹੁਤ
ਘੱਟ ਹਨ

# TAJ JEWELERS

UNIQUELY DESIGNED 22KT GOLD JEWELRY

**WE SELL FOR LESS**

# ਤਾਜ਼ ਜਿਊਲਰਜ਼

**TRADE YOUR OLD GOLD FOR NEW JEWELRY**

ਆਪਣੇ ਪੁਰਾਣੇ
ਗਹਿਣਿਆਂ ਬਦਲੇ
ਨਵੇਂ ਫੈਸ਼ਨ ਦੇ
ਗਹਿਣੇ ਲਉ

**22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ**

**Ph:253-981-3071**

**10120 SE 260th St. Suite 110, Kent, WA 98030**

Open: 7 Days Tuesday to Sunday 11am to 7pm, Mon 11am to 6pm ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

## (ਮੁੱਖ ਪੰਨੇ ਦੀ ਬਾਕੀ)

ਅਤੇ ਉਸਨੇ ਅਜਿਹਾ ਕਿਉਂ ਕੀਤਾ।ਡੋਨਾਲਡ ਟਰੰਪ ਨੇ ਇੱਕ ਨਿੱਜੀ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ ਸੱਚ, 'ਮਹਾਨ ਅਤੇ ਸੱਚਮੁੱਚ ਮਹਾਨ, ਚਾਰਲੀ ਕਿਰਕ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ।ਅਮਰੀਕਾ ਦੇ ਨੌਜਵਾਨਾਂ ਨੂੰ ਉਨ੍ਹਾਂ ਤੋਂ ਬਿਹਤਰ ਕੋਈ ਨਹੀਂ ਸਮਝ ਸਕਿਆ ਅਤੇ ਨਾ ਹੀ ਕੋਈ ਉਨ੍ਹਾਂ ਦੇ ਦਿਲ ਤੱਕ ਪਹੁੰਚ ਸਕਿਆ।ਹਰ ਕੋਈ ਉਨ੍ਹਾਂ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਉਨ੍ਹਾਂ ਦਾ ਸਤਿਕਾਰ ਕਰਦਾ ਸੀ, ਖਾਸ ਕਰਕੇ ਮੈਂ।ਮੇਲਾਨੀਆ ਅਤੇ ਮੈਂ ਉਨ੍ਹਾਂ ਦੀ ਪਤਨੀ ਏਰਿਕਾ ਅਤੇ ਪੂਰੇ ਪਰਿਵਾਰ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹਾਂ।ਚਾਰਲੀ, ਅਸੀਂ ਤੁਹਾਨੂੰ ਪਿਆਰ ਕਰਦੇ ਹਾਂ!'

## ਜਥੇਦਾਰ ਨੇ ਸਮਾਜ ਸੇਵੀ ਸੰਸਥਾਵਾਂ ਦੀ ਸੱਦੀ ਬੈਠਕ

ਅੰਮ੍ਰਿਤਸਰ:ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਅਤੇ ਰਾਹਤ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਇੱਕ ਯੋਜਨਾ ਬਣਾਉਣ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਰਾਹਤ ਕਾਰਜਾਂ ਵਿੱਚ ਲੱਗੀਆਂ ਸਮੂਹ ਸਮਾਜ ਸੇਵੀ ਜਥੇਬੰਦੀਆਂ ਦੇ ਪ੍ਰਤਿਨਿਧਾਂ ਦੀ ਇੱਕ ਅਹਿਮ ਮੀਟਿੰਗ 13 ਸਤੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿੱਖੇ ਸੱਦੀ ਹੈ।ਸ੍ਰੀ ਅਕਾਲ ਤਖ਼ਤ ਦੇ ਬੁਲਾਰੇ ਨੇ ਇਸ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਸਬੰਧ ਵਿੱਚ ਇਹ ਅਹਿਮ ਮੀਟਿੰਗ 13 ਸਤੰਬਰ ਨੂੰ ਸੱਦੀ ਗਈ ਹੈ, ਜਿਸ ਵਿੱਚ ਸਮਾਜ ਸੇਵੀ ਤੇ ਹੋਰ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣਾ ਇੱਕ-ਇੱਕ ਪ੍ਰਤੀਨਿਧ ਇਸ ਮੀਟਿੰਗ ਵਿੱਚ ਭੇਜਣ ਤਾਂ ਜੋ ਵਿਚਾਰ ਵਟਾਂਦਰਾ ਕਰਕੇ ਅਤੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਯੋਜਨਾ ਬਣਾਈ ਜਾ ਸਕੇ। ਜਿਸ ਤਹਿਤ ਰਾਸ਼ਨ ਵੰਡ ਸੁਚਾਰੂ ਢੰਗ ਨਾਲ ਚੱਲੇ, ਰਾਹਤ ਕਾਰਜ ਸਹੀ ਢੰਗ ਨਾਲ ਚੱਲਣ ਅਤੇ ਭਵਿੱਖ ਵਿੱਚ ਮੁੜ ਵਸੇਬੇ ਬਾਰੇ ਵੀ ਯੋਜਨਾ ਬਣਾਈ ਜਾ ਸਕੇ।


AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ



We Represent All Major Airline

We Will Beat Or Match Any Price

Seattle to Delhi : $785

We Issue The Ticket From India Also

Delhi Bombay Special Ask For Detail

WE ALSO DO : * NOTARY * VISA * PASSPORT * TRANSLATION

PHONE : 253-852-1984, 253-852-1985

24 HOUR EMERGENCY SERVICE 206-370-9480

TOLL FREE : 1-800-828-8543

EMAIL : FLY@AKALTRAVEL.COM

HOURS : MON TO SAT 9AM TO 7PM AND SUN 1PMTO 6PM



TUKWILA DENTAL CENTER

NEW PATIENTS & EMERGENCIES WELCOME

GENERAL DENTISTRY FOR ALL AGES

*A Caring Team for You & Your Family*

Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168

www.tukwiladentalcenter.com Email: tukwiladentalcenter@comcast.net

Ph: 206-431-0953, 206-241-0454, Fax: 206-439-6860



Complete Dental Care

New & Emergency Patients Welcome




-Family & Cosmetic Dentistry

-Root Canals, Wisdom Teeth Removal, Metal-free Restorations

-Bleeching, Veneer, Bonding

-Preventive & Pediatric Dentistry

ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal

Dr. Navdeep Dhaliwal

Dr. Donald Hainer

Complete DENTAL CARE

Ph: 253-854-2714

SUITE #1, 10725 SE 256TH ST, KENT, WA


PUNJAB GROCERY BAZAAR
PUNJAB GROCERY BAZAAR
OLD KK MARKET
Upto 10% oFF
• No Spend Limit
Excl. Dairy, Flour, Sweets, Vegetable & Drinks
BITTER GOURD $1.99 LBS
LENTILS Flat 10% Off
Brooke Bond Red Label
RED LABEL TEA
450 GM $ 6.49
1.9 LBS $ 10.49
3.9 LBS $ 22.99
Lady Finger $1.99 LBS
ROASTED BARFI $9.99 LBS
TOMATO $0.49 LBS
MUSTARD OIL $19.99 5 Litre
INDIAN CROCKERY Get 10% Discount
Desi Gud $ 1.99 LBS
FRESH VEGGIE CANADIAN COOKIES $8.99
YOU CAN TEST BEFORE BUYING
DESI SAKKAR $3.99 2 LBS
CAULIFLOWER $0.99 Each
+1 253-854-5236
23805, 104th Ave SE, Kent, WA 98031, United States

# ਛੱਤੀਸਗੜ੍ਹ ਦੇ ਗਰੀਆਬੰਦ ਵਿੱਚ ਸੁਰੱਖਿਆ ਬਲਾਂ ਨਾਲ ਮੁਕਾਬਲੇ ’ਚ 10 ਨਕਸਲੀ ਹਲਾਕ

ਛੱਤੀਸਗੜ੍ਹ :-ਗਰੀਆਬੰਦ ਜ਼ਿਲ੍ਹੇ ਵਿੱਚ ਅੱਜ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ ਘੱਟੋ-ਘੱਟ 10 ਨਕਸਲੀ ਮਾਰੇ ਗਏ। ਪੁਲੀਸ ਦੇ ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।ਪੁਲੀਸ ਸੂਤਰਾਂ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਪਾਬੰਦੀਸ਼ੁਦਾ ਸੀਪੀਆਈ (ਮਾਓਵਾਦੀ) ਦਾ ਸੀਨੀਅਰ ਆਗੂ ਅਤੇ ਕੇਂਦਰੀ ਕਮੇਟੀ ਮੈਂਬਰ (ਸੀਸੀਐਮ) ਮੋਡੇਮ ਬਾਲਕ੍ਰਿਸ਼ਨ ਸ਼ਾਮਲ ਹਨ।

ਰਾਏਪੁਰ ਰੇਂਜ ਦੇ ਅਮਰੇਸ਼ ਮਿਸ਼ਰਾ ਨੇ ਦੱਸਿਆ ਕਿ ਮੈਨਪੁਰ ਥਾਣੇ ਦੀ ਹੱਦ ’ਚ ਪੈਂਦੇ ਜੰਗਲ ਵਿੱਚ ਉਸ ਸਮੇਂ ਗੋਲੀਬਾਰੀ ਹੋਈ ਜਦੋਂ ਸੁਰੱਖਿਆ ਮੁਲਾਜ਼ਮਾਂ ਨਕਸਲ ਵਿਰੋਧੀ ਮੁਹਿੰਮ ਵਿੱਢੀ ਹੋਈ ਸੀ।ਦੱਸਣਯੋਗ ਹੈ ਕਿ ਇਸ ਸਾਲ ਹੁਣ ਤੱਕ ਛੱਤੀਸਗੜ੍ਹ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚ 241 ਨਕਸਲੀ ਮਾਰੇ ਗਏ ਹਨ।

ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਫ਼ਰਜ਼ੀ ਮੁਕਾਬਲੇ ਦੇ ਮਾਮਲੇ ’ਚ ਦੋਸ਼ੀ ਪੁਲਿਸ ਮੁਲਾਜ਼ਮਾਂ ਉਤੇ ਪਟਿਆਲਾ ਜੇਲ ’ਚ ਹਮਲਾ




ਪਟਿਆਲਾ:ਪਟਿਆਲਾ ਕੇਂਦਰੀ ਜੇਲ ’ਚ ਪੰਜਾਬ ਪੁਲਿਸ ਦੇ ਦੋ ਸੇਵਾਮੁਕਤ ਅਧਿਕਾਰੀਆਂ ਉਤੇ ਬੁਧਵਾਰ ਨੂੰ ਇਕ ਸਾਥੀ ਕੈਦੀ ਨੇ ਹਮਲਾ ਕਰ ਦਿਤਾ।

ਅਧਿਕਾਰੀਆਂ ਨੂੰ ਵੱਖ-ਵੱਖ ਝੂਠੇ ਮੁਕਾਬਲੇ ਦੇ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਇਸ ਹਮਲੇ ’ਚ ਇਕ ਹੋਰ ਰਿਟਾਇਰਡ ਇੰਸਪੈਕਟਰ ਵੀ ਜ਼ਖਮੀ ਹੋ ਗਿਆ। ਹਮਲਾ ਸਾਬਕਾ ਡਿਪਟੀ ਸੁਪਰਡੈਂਟ ਗੁਰਬਚਨ ਸਿੰਘ, ਸਾਬਕਾ ਇੰਸਪੈਕਟਰ ਸੂਬਾ ਸਿੰਘ ਅਤੇ ਇੰਦਰਜੀਤ ਸਿੰਘ ਉਤੇ ਹੋਇਆ। ਗੁਰਬਚਨ ਅਤੇ ਸੂਬਾ ਝੂਠੇ ਮੁਕਾਬਲੇ ਦੇ ਮਾਮਲਿਆਂ ਵਿਚ ਸੀ.ਬੀ. ਆਈ. ਅਦਾਲਤਾਂ ਵਲੋਂ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਇਹ ਹਮਲਾ ਕਥਿਤ ਤੌਰ ਉਤੇ ਹਿੰਦੂ ਆਗੂ ਸੁਧੀਰ ਸੂਰੀ ਦੇ ਕਤਲ ਦੇ ਦੋਸ਼ੀ ਸੰਦੀਪ ਸਿੰਘ ਉਰਫ ਸੰਨੀ ਨੇ ਕੀਤਾ ਸੀ।

ਸੰਨੀ ਨੇ ਕਥਿਤ ਤੌਰ ਉਤੇ ਤਿੰਨਾਂ ਦੇ ਸਿਰ ਅਤੇ ਚਿਹਰਿਆਂ ਉਤੇ ਤਿੱਖੀ ਕਟਲਰੀ ਨਾਲ ਵਾਰ-ਵਾਰ ਮਾਰਿਆ। ਸੂਬਾ ਸਿੰਘ ਦੇ ਚਿਹਰੇ ਉਤੇ ਡੂੰਘੀਆਂ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਰਾਜਿੰਦਰਾ ਹਸਪਤਾਲ ਲਿਜਾਇਆ ਗਿਆ ਹੈ, ਜਦਕਿ ਬਾਕੀ ਦੋ ਨੂੰ ਡਾਕਟਰੀ ਨਿਗਰਾਨੀ ਹੇਠ ਰੱਖਿਆ ਗਿਆ ਹੈ। ਮੁੱਢਲੀ ਜਾਣਕਾਰੀ ਮੁਤਾਬਕ ਸੰਨੀ ਨੂੰ ਸ਼ੱਕ ਸੀ ਕਿ ਸਾਬਕਾ ਪੁਲਿਸ ਅਧਿਕਾਰੀ ਉਸ ਦੀਆਂ ਗਤੀਵਿਧੀਆਂ ਬਾਰੇ ਜੇਲ ਅਧਿਕਾਰੀਆਂ ਨੂੰ ਸੂਚਿਤ ਕਰ ਰਹੇ ਸਨ। ਕੁੱਝ ਮਹੀਨੇ ਪਹਿਲਾਂ ਇਸੇ ਤਰ੍ਹਾਂ ਦੇ ਸ਼ੱਕ ਨੂੰ ਲੈ ਕੇ ਉਨ੍ਹਾਂ ਵਿਚਾਲੇ ਤਿੱਖੀ ਬਹਿਸ ਹੋਈ ਸੀ। ਬੁਧਵਾਰ ਨੂੰ ਜਦੋਂ ਸਾਰੇ ਕੈਦੀ ਬੈਰਕ ਦੇ ਅੰਦਰ ਬੈਠੇ ਸਨ ਤਾਂ ਸੰਨੀ ਨੇ ਹਮਲਾ ਕੀਤਾ। ਜੇਲ ਸਟਾਫ ਨੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ।

## (ਮੁੱਖ ਪੰਨੇ ਦੀ ਬਾਕੀ)

ਬੋਲਿਆ ਗਿਆ ਸੀ। ਬ੍ਰਾਹਮਣਾਂ ਨੇ ਸਦੀਆਂ ਤੋਂ ਭਾਰਤੀ ਜੀਵਨ ਦੇ ਨਿਯਮ ਲਿਖੇ ਹਨ। ਉਨ੍ਹਾਂ ਨੇ ਸ਼ਾਬਦਿਕ ਤੌਰ ‘ਤੇ ਅਜਿਹੇ ਗ੍ਰੰਥ ਤਿਆਰ ਕੀਤੇ ਜੋ ਜਾਣਬੁੱਝ ਕੇ ਲੋਕਾਂ ਨੂੰ ਜਨਮ-ਅਧਾਰਤ ਇੱਕ ਜਾਤ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਨੇ ਮੰਦਰਾਂ, ਅਦਾਲਤਾਂ, ਵਿਦਿਅਕ ਸੰਸਥਾਵਾਂ ਅਤੇ ਰਾਜ ‘ਤੇ ਕਬਜ਼ਾ ਕਰ ਲਿਆ। ਅੰਗਰੇਜ਼ਾਂ ਤੋਂ ਆਜ਼ਾਦੀ ਵੀ ਭਾਰਤ ਨੂੰ ਉਨ੍ਹਾਂ ਦੇ ਪੰਜਿਆਂ ਤੋਂ ਮੁਕਤ ਨਹੀਂ ਕਰ ਸਕੀ। ਭਾਰਤ ਦੇ ਸਭ ਤੋਂ ਸ਼ਕਤੀਸ਼ਾਲੀ ਮੁੱਖ ਸਕੱਤਰਾਂ, ਆਈਏਐਸ ਅਧਿਕਾਰੀਆਂ, ਜੱਜਾਂ, ਸੰਪਾਦਕਾਂ ਅਤੇ ਅਰਥਸ਼ਾਸਤਰੀਆਂ ਦੇ ਉਪਨਾਮ ਵੀ ਇਹੀ ਕਹਾਣੀ ਦੱਸਦੇ ਹਨ। ਬ੍ਰਾਹਮਣ ਭਾਰਤ ਦੀ ਕੁੱਲ ਆਬਾਦੀ ਦਾ 5 ਪ੍ਰਤੀਸ਼ਤ ਤੋਂ ਘੱਟ ਹੋਣ ਦੇ ਬਾਵਜੂਦ, ਇਹ ਬ੍ਰਾਹਮਣ ਹੀ ਇਹ ਫੈਸਲਾ ਕਰਦੇ ਹਨ ਕਿ ਬਾਕੀ ਕਿਵੇਂ ਰਹਿੰਣੇ ਚਾਹੀਦੇ ਹਨ, ਕਿਵੇਂ ਖਾਣ, ਕੰਮ ਕਰਨ ਅਤੇ ਇੱਥੋਂ ਤੱਕ ਕਿ ਮਰਨ ਅਤੇ ਮਾਰਨ ਲਈ ਕਿਵੇਂ ਨੀਵੀਆਂ ਜਾਤੀਆਂ ਨੂੰ ਵਰਤਣਾ ਹੈ ਇਹ ਬ੍ਰਾਹਮਣ ਅਫਸਰ ਸ਼ਾਹੀ ਤਹਿ ਕਰਦੀ ਹੈ। ਆਪਣੀ ਅਜ਼ਾਦੀ ਲਈ ਸੰਘਰਸ਼ ਕਰ ਰਹੀਆਂ ਅਖੌਤੀ ਨੀਵੀਆਂ ਜਾਤੀਆਂ ਵਿਰੁੱਧ ਨੀਵੀਆਂ ਜਾਤੀਆਂ ਵਿੱਚੋਂ ਨੌਜਵਾਨਾਂ ਨੂੰ ਫੋਰਸਾਂ ਵਿੱਚ ਭਾਰਤੀ ਕੀਤਾ ਜਾਂਦਾ ਹੈ ਫਿਰ ਇਨ੍ਹਾਂ ਤੋਂ ਹੀ ਆਪਣੇ ਭਰਾਵਾਂ ਨੂੰ ਮਰਵਾਇਆਂ ਜਾਂਦਾ ਹੈ। ਬ੍ਰਾਹਮਣ ਖੁਦ ਅੱਗੇ ਨਹੀਂ ਆਉਂਦਾ ਆਪਣੇ ਆਪ ਅਤੇ ਆਪਦੇ ਪ੍ਰੀਵਾਰਾਂ ਨੂੰ ਬਚਾ ਕੇ ਰੱਖਦਾ ਹੈ। ਟਰੰਪ ਦੇ ਸਲਾਹਕਾਰ ਨਵਾਰੋ ਨੇ ਪਹਿਲੀ ਵਾਰ ਅੰਤਰਰਾਸ਼ਟਰੀ ਪੱਧਰ ਤੇ ਇਹ ਮੁੱਦਾ ਚੁੱਕਿਆ। ਭਾਰਤੀ ਆਰਥਿਕ ਆਚਰਣ ਅਤੇ ਇਸਦੀ ਜਾਤੀ ਦਰਜਾਬੰਦੀ ਬਹੁਤ ਸਪੱਸ਼ਟ ਹੈ। ਇਸ ਨੇ ਲੰਬੇ ਸਮੇਂ ਤੋਂ ਭਾਰਤ ਦੇ ਬ੍ਰਾਹਮਣਾਂ ਨੂੰ ‘ਨੀਵੀਂ ਜਾਤੀ’ ਦੀ ਕਿਰਤ ਲੁੱਟ ਤੇ ਨੀਵੀਆਂ ਜਾਤੀਆਂ ਨੂੰ ਗੁਲਾਮ ਬਣਾਇਆ ਹੈ। ਨਵਾਰੋ ਨੇ ਭਾਰਤ ਦੀਆਂ ਅਸਹਿਜ ਸੱਚਾਈਆਂ ਨੂੰ ਬੇਨਕਾਬ ਕੀਤਾ ਹੈ। ਭਾਰਤ ਵਿੱਚ ਜਾਤੀ ਨਿਯੰਤਰਣ ਬਾਰੇ ਉਸਦੇ ਨੁਕਤੇ ਨੂੰ ਦੇਖਣ ਲਈ ਨਵਾਰੋ ਦੇ ਰੂਸੀ ਤੇਲ ਵਪਾਰ ਦੀ ਦਲੀਲ ਨਾਲ ਸਹਿਮਤ ਹੋਣ ਦੀ ਲੋੜ ਨਹੀਂ ਹੈ। ਪਰ ਭਾਰਤ ਵਿੱਚ ਬ੍ਰਾਹਮਣ ਹਰ ਖੇਤਰ, ਪੇਸ਼ੇ ਅਤੇ ਜੀਵਨ ਦੇ ਹਰ ਖੇਤਰ ਵਿੱਚ ਦਿਖਾਈ ਦਿੰਦਾ ਹੈ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਭਾਰਤੀ ਨੀਤੀ ਨਿਰਮਾਣ ਵਿੱਚ ਦਬਦਬਾ ਬਣਾਉਣ ਵਾਲੇ ਅਤੇ ਦੁਨੀਆ ਲਈ ਹਿੰਦੂ ਧਰਮ ਦੀ ਵਿਆਖਿਆ ਕਰਨ ਵਾਲੇ ਸਾਰੇ ਇੱਕੋ ‘ਉੱਚ ਜਾਤੀ’ ਨਾਲ ਸਬੰਧਤ ਹਨ। ਇਹ ਸੱਚ ਹੈ ਭਾਰਤ ਦੀ 95 ਪ੍ਰਤੀਸ਼ਤ ਆਬਾਦੀ ਵਿੱਚ ਪੈਦਾ ਹੋ ਰਹੀ ਨਾਰਾਜ਼ਗੀ ਨੂੰ ਦੇਖਦੇ ਹੋਏ, ਜੋ ਸੱਤਾ ਦੇ ਗਲਿਆਰਿਆਂ ਵਿੱਚ ਇੱਕ ਸਵੈ-ਨਿਰਭਰ ਘੱਟ ਗਿਣਤੀ ( ਬ੍ਰਾਹਮਣ) ਦੇ ਰਹਿਮ ‘ਤੇ ਰਹਿੰਦੇ ਹਨ। ਨਵਾਰੋ ਨੇ ਭਾਰਤੀਆਂ ਨੂੰ ਤਰਕ ਕਰਨ ਅਤੇ “ਇੱਥੇ ਕੀ ਹੋ ਰਿਹਾ ਹੈ” ਨੂੰ ਸਮਝਣ ਲਈ ਕਿਹਾ। ਉਸੇ ਸਾਹ ਵਿੱਚ, ਉਸਨੇ ਹਿੰਦੂ ਸਰਵਉੱਚਤਾਵਾਦੀਆਂ ਦੁਆਰਾ ਇਸ ਮੁਨਾਫ਼ਾਖੋਰੀ ਨੂੰ ਰੋਕਣ ਦੀ ਜ਼ਰੂਰਤ ‘ਤੇ ਜ਼ੋਰ ਦਿੱਤਾ। ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਪੁਜਾਰੀ ਦੀ ਕਲਮ ਬਦਕਿਸਮਤੀ ਨਾਲ ਮਜ਼ਦੂਰ ਦੇ ਹਲ਼ ਨਾਲੋਂ ਤਿੱਖੀ ਰਹੇਗੀ। ਹਾਲਾਂਕਿ, ਜੇ ਇੱਕ ਵਾਰ ਇਹ ਮਜ਼ਦੂਰ_ਕਿਸਾਨ ਦਾ ਹਲ਼ ਸਹੀ ਦਿਸ਼ਾ ਵੱਲ ਮੁੜ ਗਿਆ ਹੈ, ਤਾਂ ਇਹ ਮਿੱਟੀ ਅਤੇ ਜਾਤ ਪਾਤ ਨੂੰ ਬੜਾਵਾ ਦੇਣ ਵਾਲੇ ਗ੍ਰੰਥ ਦੋਵਾਂ ਨੂੰ ਪਾੜ ਦੇਵੇਗਾ।

# ਟਰੰਪ ਵੱਲੋਂ ਈ.ਯੂ. ਨੂੰ ਚੀਨ ਅਤੇ ਭਾਰਤ ‘ਤੇ 100% ਟੈਰਿਫ ਲਾਉਣ ਦੀ ਅਪੀਲ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਆਪਣੇ ਹਮਲਾਵਰ ਅੰਤਰਰਾਸ਼ਟਰੀ ਰੁਖ਼ ਦਾ ਸੰਕੇਤ ਦਿੱਤਾ ਹੈ। ਹਾਲ ਹੀ ਵਿਚ ਇੱਕ ਕਾਨਫਰੰਸ ਕਾਲ ਰਾਹੀਂ, ਉਨ੍ਹਾਂ ਨੇ ਯੂਰਪੀਅਨ ਯੂਨੀਅਨ (ਈ.ਯੂ.) ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਚੀਨ ਅਤੇ ਭਾਰਤ ‘ਤੇ 100% ਤੱਕ ਟੈਰਿਫ ਲਗਾਉਣ, ਤਾਂ ਜੋ ਰੂਸ ‘ਤੇ ਦਬਾਅ ਵਧਾਇਆ ਜਾ ਸਕੇ ਅਤੇ ਯੂਕਰੇਨ ਯੁੱਧ ਵਿਚ ਉਸਦੀ ਆਰਥਿਕ ਸਮਰੱਥਾ ਨੂੰ ਘਟਾਇਆ ਜਾ ਸਕੇ। ਸੂਤਰਾਂ ਅਨੁਸਾਰ, ਇਹ ਗੱਲਬਾਤ ਯੂਰਪੀਅਨ ਯੂਨੀਅਨ ਦੇ ਪਾਬੰਦੀਆਂ ਦੇ ਰਾਜਦੂਤ ਡੇਵਿਡ ਓ’ਸੁਲੀਵਾਨ ਅਤੇ ਹੋਰ ਯੂਰਪੀਅਨ ਯੂਨੀਅਨ ਦੇ ਅਧਿਕਾਰੀਆਂ ਨਾਲ ਹੋਈ। ਇਹ ਪ੍ਰਤੀਨਿਧੀ ਇਸ ਸਮੇਂ ਵਾਸ਼ਿੰਗਟਨ ਵਿਚ ਹਨ, ਜਿੱਥੇ ਦੋਵੇਂ ਧਿਰਾਂ ਰੂਸ ‘ਤੇ ਪਾਬੰਦੀਆਂ ਦੇ ਬਿਹਤਰ ਤਾਲਮੇਲ ‘ਤੇ ਚਰਚਾ ਕਰ ਰਹੀਆਂ ਹਨ। ਇੱਕ ਯੂਰਪੀਅਨ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ‘ਤੇ ਕਿਹਾ ਕਿ ਅਮਰੀਕਾ ਨੇ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਜੇਕਰ ਈ.ਯੂ. ਇਕੱਠੇ ਹੁੰਦਾ ਹੈ, ਤਾਂ ਵਾਸ਼ਿੰਗਟਨ ਵੀ ਇਨ੍ਹਾਂ ਦੇਸ਼ਾਂ ‘ਤੇ ਇਸੇ ਤਰ੍ਹਾਂ ਦੇ ਸਖ਼ਤ ਟੈਰਿਫ ਲਗਾਉਣ ਲਈ ਤਿਆਰ ਹੈ। ਈ.ਯੂ. ਅਧਿਕਾਰੀ ਦੇ ਅਨੁਸਾਰ, ”ਉਹ ਸਿੱਧੇ ਤੌਰ ‘ਤੇ ਕਹਿ ਰਹੇ ਹਨ - ਜੇਕਰ ਤੁਸੀਂ ਇਕੱਠੇ ਹੁੰਦੇ ਹੋ, ਤਾਂ ਅਸੀਂ ਵੀ ਇਹ ਕਦਮ ਚੁੱਕਾਂਗੇ।” ਇਹ ਰਣਨੀਤੀ ਯੂਰਪੀ ਸੰਘ ਦੀ ਹੁਣ ਤੱਕ ਦੀ ਨੀਤੀ ਵਿਚ ਇੱਕ ਵੱਡਾ ਬਦਲਾਅ ਲਿਆ ਸਕਦੀ ਹੈ, ਕਿਉਂਕਿ ਹੁਣ ਤੱਕ ਯੂਰਪੀ ਸੰਘ ਰੂਸ ਨੂੰ ਅਲੱਗ-ਥਲੱਗ ਕਰਨ ਲਈ ਪਾਬੰਦੀਆਂ ‘ਤੇ ਜ਼ੋਰ ਦਿੰਦਾ ਰਿਹਾ ਹੈ, ਟੈਰਿਫ ਘੱਟ ਹੀ ਵਰਤੇ ਗਏ ਹਨ।

# ਕੈਲੀਫੋਰਨੀਆ ਵਿੱਚ ਚੋਰਾਂ ਨੇ ਹਨੂਮਾਨ ਮੰਦਿਰ ਵਿੱਚੋਂ 34 ਹਜਾਰ ਡਾਲਰ ਤੇ ਗਹਿਣੇ ਕੀਤੇ ਚੋਰੀ

ਸੈਕਰਾਮੈਂਟੋ- ਡਬਲਿਨ ਸਥਿਤ ਸ੍ਰੀ ਪੰਚਾਮੁਖਾ ਹਨੂਮਾਨ ਮੰਦਿਰ ਵਿੱਚੋਂ ਚੋਰਾਂ ਵੱਲੋਂ 34 ਹਜਾਰ ਡਾਲਰ ਤੇ ਗਹਿਣੇ ਚੋਰੀ ਕਰ ਲੈਣ ਦੀ ਖਬਰ ਹੈ। ਇਹ ਜਾਣਕਾਰੀ ਡਲਬਿਨ ਪੁਲਿਸ ਨੇ ਦਿੱਤੀ ਹੈ। 6930 ਵਿਲਜ ਪਾਰਕਵੇਅ ਵਿੱਖੇ ਸਥਿੱਤ ਇਸ ਮੰਦਿਰ ਵਿੱਚ ਇਸ ਸਾਲ ਹੋਈ ਇਹ ਦੂਸਰੀ ਚੋਰੀ ਹੈ। ਇਸ ਤੋਂ ਪਹਿਲਾਂ ਜਨਵਰੀ 2024 ਵਿੱਚ ਵੀ ਚੋਰਾਂ ਨੇ ਇਸ ਮੰਦਿਰ ਨੂੰ ਨਿਸ਼ਾਨਾ ਬਣਾਇਆ ਸੀ। ਬੇਅ ਖੇਤਰ ਵਿਚਲੇ ਹਿੰਦੂ ਅਮਰੀਕੀ ਭਾਈਚਾਰੇ ਨੇ ਚੋਰੀ ਦੀਆਂ ਵਧ ਰਹੀਆਂ ਘਟਨਾਵਾਂ ਦੇ ਮੱਦੇਨਜਰ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟ ਕੀਤੀ ਹੈ। ਡਲਲਿਨ ਪੁਲਿਸ ਨੇ ਕਿਹਾ ਹੈ ਕਿ ਚੋਰੀ ਦੀ ਇਸ ਤਾਜਾ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ ਜਿਸ ਤੋਂ ਇਹ ਸੰਕੇਤ ਮਿਲਦਾ ਹੋਵੇ ਕਿ ਇਸ ਘਟਨਾ ਨੂੰ ਨਸਲੀ ਨਫਰਤ ਕਾਰਨ ਅੰਜਾਮ ਦਿੱਤਾ ਗਿਆ ਹੈ।

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਗੁਰਬਾਣੀ ਵਿਚਲੇ ਮਿਥਿਹਾਸਕ ਪਾਤਰ

ਇਹ ਪਾਤਰ ਬੜੀ ਥਾਈਂ ਗੁਰੂ ਸਹਿਬਾਨ ਵਲੋਂ ਵਰਤੇ ਗਏ ਅਤੇ ਬੜੇ ਖੂਬਸੂਰਤ ਤਰੀਕੇ ਨਾਲ ਵਰਤੇ ਗਏ ਨੇ।ਪੰਡੀਏ ਦੀਆਂ ਮਿਥਾਂ ਅੱਜ ਦੇ ਸੋ ਕਾਲ ਚਾਨਣ ਜੁਗ ਵਿੱਚ ਜੇ ਨਹੀ ਟੁਟ ਸਕੀਆਂ ਤਾਂ ਓਨਾ ਸਮਿਆਂ ਦਾ ਅੰਦਾਜਾ ਲਾਓਂਣਾ ਔਖਾ ਨਹੀ।

ਜਿਵੇਂ ਲੋਹਾ ਲੋਹੇ ਨੂੰ ਕਟਦਾ ਗੁਰਾਂ ਉਸ ਦੀਆਂ ਮਿਥਾਂ ਹੀ ਵਰਤਕੇ ਮਿਥਾਂ ਭੰਨੀਆਂ।

ਬਾਬਾ ਜੀ ਅਪਣਿਆਂ ਦਾ ਤਰੀਕਾ ਬੜਾ ਆਹਲਾ ਸੀ। ਮੈਂ ਇਕ ਵਾਰ ਲਿਖਿਆ ਸੀ ਕਿ ਮੇਰੇ ਵਰਗਾ ਗਿਆਨੀ ਹੁੰਦਾ ਤਾਂ ਪੰਡੀਏ ਨਾਲ ਸਿਧਾ ਫਸ ਬੈਠਦਾ ਕਿ ਕਿਹੜਾ ਤੇਰਾ ਲਗਦਾ ਪਾਣੀ ਸੂਰਜ ਉਪਰ ਜਾਂਦਾ ਪਰ ਬਾਬੇ ਕਹਿੰਦੇ ਜਾਂਦਾ ਹੋਣਾ ਤੇਰਾ ਪਾਣੀ ਜਿਵੇਂ ਆਹਾ ਮੇਰਾ ਵੀ ਤਾਂ ਕਰਤਾਰਪੁਰ ਜਾ ਹੀ ਰਿਹਾ।

ਬਹਿਸ ਕੀਤੀ ਹੀ ਨਹੀ ਕਿ ਨੱਕ ਫੜੀ ਬੈਠਾ ਬੰਦਾ ਠੱਗ ਰਿਹਾ ਲੋਕੋ ਥੋਨੂੰ, ਕੱਖ ਪਤਾ ਨਹੀ ਇਸ ਨੂੰ। ਬਾਬਿਆਂ ਭਾਈ ਮਰਦਾਨਾ ਜੀ ਨੂੰ ਕਹਿਕੇ ਲੋਟਾ ਚੁੱਕ ਕੇ ਪਿਛੇ ਰੱਖ ਦਿਤਾ।ਕਦੇ ਗੁਰੂ ਸਾਹਬ ਤੁਹਾਨੂੰ ਇਸ ਗਲੇ ਚਰਚਾ ਕਰਦੇ ਲਭੇ ਹੋਣ ਕਿ ਕਿਹੜੀ ਤੇਰੀ ਸੋਨੇ ਦੀ ਲੰਕਾ ਤੇ ਕਿਹੜੇ ਸਵਾ ਜਾਂ ਡੇਢ ਲੱਖ ਪੋਤੇ ਪੋਤੀਆਂ। ਬਾਬਾ ਜੀ ਕਹਿੰਦੇ ਇਨੇ ਹੀ ਸਹੀ ਇਨੇ ਹੀ ਹੋਣੇ ਪਰ ਕਿਥੇ ਨੇ ਅੱਜ? ਯਾਣੀ ਜੇ ਓਹ ਨਹੀ ਤਾਂ ਤੂੰ ਕਿਥੇ ਤੂੰ ਕੀ ਸ਼ੈਅ?

ਕਹਾਣੀ ਸੀ ਕਿ ਕ੍ਰਿਸ਼ਨ, ਦਰਯੋਧਨ ਨੂੰ ਛੱਡ ਗਰੀਬ ਬਿਦਰ ਦੇ ਜਾ ਵੜੇ। ਭਗਤ ਕਬੀਰ ਜੀ ਨੇ ਬੜੀ ਖੂਬਸੂਰਤੀ ਨਾਲ ਓਸ ਕਹਾਣੀ ਰਾਹੀਂ ਮਨੁਖ ਨੂੰ ਸੁਨੇਹਾ ਦਿਤਾ ਕਿ ਹੰਕਾਰੀ ਦੇ ਰੱਬ ਮਕਾਣ ਵੀ ਨਹੀ ਜਾਂਦਾ ਕਿਓਕਿ ਓਥੇ ਕਹਾਣੀ ਕ੍ਰਿਸ਼ਨ ਨੂੰ ਰੱਬ ਤਰਾਂ ਕੋਟ ਕਰ ਰਹੀ ਸੀ ਨਹੀ ਤਾਂ ਕ੍ਰਿਸ਼ਨ ਬਾਰੇ ਗੁਰਬਾਣੀ ਦੇ ਬਚਨ ਬੜੇ ਸਪੱਸ਼ਟ ਨੇ। ਪਿੰਨ ਪੁਇੰਟ ਹੰਕਾਰ ਅਤੇ ਨਿਮਰ ਹੋਣਾ।

ਸਭ ਨੂੰ ਪਤਾ ਕਿ ਬ੍ਰਾਹਮਣ ਦੇ ਲੱਖਾਂ ਲੱਖਾਂ ਸਾਲਾਂ ਦੇ ਜੁਗ ਹੋਣ ਦੇ ਝੂਠ ਲੋੜੋਂ ਵੱਧ ਵਡੇ ਨੇ ਜਦਕਿ ਵੇਦਾਂ ਤੋਂ ਸ਼ੁਰੂ ਕਰਕੇ ਕੁਲ ਕਹਾਣੀ ਕੇਵਲ ਚਾਰ ਕੁ ਹਜਾਰ ਸਾਲ ਤੋਂ ਪੁਰਾਣੀ ਨਹੀ ਜਦ ਆਰੀਅਨ ਦਰਾਵੜਾਂ ਨਾਲ ਲੜੇ ਬਾਹਰੋਂ ਆ ਕੇ। ਲੱਖਾਂ ਸਾਲ ਪਹਿਲਾਂ ਤਾਂ ਬੰਦਾ ਹਾਲਾਂ ਖੁੰਦਰਾਂ ਚੋਂ ਹੀ ਬਾਹਰ ਨਹੀ ਸੀ ਨਿਕਲਿਆ ਜਾਂ ਬਾਦਰਾਂ ਹੀ ਤਰਾਂ ਹਾਲੇ ਰੁਖਾਂ ਨਾਲ ਹੀ ਲਮਕ ਰਿਹਾ ਸੀ।

ਪਰ ਗੁਰੂ ਸਾਹਿਬਾਨ ਇਸ ਬਹਿਸ ਵਿਚ ਹੀ ਨਹੀ ਪਏ ਕਿ ਕਿੰਨੇ ਕਰੋੜਾਂ ਜਾਂ ਲਖ ਸਾਲ ਦਾ ਜੁਗ ਹੁੰਦਾ ਓਨਾ ਓਹੀ ਪ੍ਰਚਲਤ ਪ੍ਰਤੀਕ ਵਰਤੇ ਅਪਣੀ ਗਲ ਕੀਤੀ ਤੇ ਅਗੇ ਤੁਰੇ।

ਨਰਾਇਣ ਇਨਾ ਕਮਲਾ ਤਾਂ ਨਾ ਸੀ ਕਿ ਪਤਾ ਹੀ ਨਾ ਲਗਾ ਅਜਾਮਲ ਅਪਣੇ ਪੁਤ ਨੂੰ ਜਾਂ ਮੈਨੂੰ ਅਵਾਜਾਂ ਮਾਰ ਰਿਹਾ ਪਰ ਗੁਰੂ ਕਹਿੰਦੇ ਜੇ ਇਨਾ ਪਾਪੀ ਮੁਕਤ ਹੋ ਗਿਆ ਤਾਂ ਆਹਾ ਲੋਕ ਕਿਓਂ ਪਹਿਲਾਂ ਤੇਰੇ ਪੈਰ ਧੋਣ ਫਿਰ ਅਗਲਾ ਜਨਮ ਬ੍ਰਾਹਮਣ ਦੇ ਲੈਣ, ਫਿਰ ਜਾ ਕੇ ਕਿਤੇ ਮੁਕਤ ਹੋਣ? ਕਿਓ ਨਾ ਹੁਣੇ ਹੀ ਸਿੱਧਾ ਰਬ ਨਾਲ ਜੁੜ ਕੇ ਤੇਰੇ ਵਰਗੇ ਜਮਾ ਤੋਂ ਜਾਨ ਛੁਡਾ ਜਾਣ।

ਅਜਾਮਲ ਦੀ , ਗਨਕਾ ਦੀ, ਕੁਬਜਾ ਦੀ, ਗਜ ਹਾਥੀ ਦੀ ਸਭ ਕਹਾਣੀਆਂ ਗੁਰਾਂ ਕੋਟ ਕੀਤੀਆਂ ਅਤੇ ਉਸ ਵਿਚਦੀ ਅਪਣਾ ਸੁਨੇਹਾ ਦਿਤਾ। ਛੋਟੇ ਜਵਾਕ ਨੂੰ ਕਹਾਣੀ ਰਾਹੀਂ ਅਪਣਾ ਸੱਚ ਕਹਿ ਜਾਣ ਤਰਾਂ।

ਹਜਾਰਾਂ ਦਰੋਪਤੀਆਂ ਦੀਆਂ ਅੱਜ ਵੀ ਸਾੜੀਆਂ ਉਤਰਦੀਆਂ। ਨਾਦਰਾਂ ਅਬਦਾਲੀਆਂ ਤਾਂ ਅੰਤ ਹੀ ਨਹੀਂ ਛਡਿਆ ਪਰ ਕ੍ਰਿਸ਼ਨ ਦੀ ਜਾਗ ਕਦੇ ਨਹੀ ਖੁਲੀ ਦਿਸਦੀ। ਨਾਦਰਾਂ ਵਲੋਂ ਚੁੱਕੀਆਂ ਗਈਆਂ ਕਿਹੜਾ ਵਾਸਤੇ ਨਾ ਪਾਏ ਹੋਣਗੇ ਪਰ ਗੁਰਬਾਣੀ ਨੇ ਦ੍ਰੋਪਦੀ ਵਾਲੀ ਕਹਾਣੀ ਵੀ ਇਨ ਬਿਨ ਕੋਟ ਕੀਤੀ ਬਾਕੀ ਕਹਾਣੀਆਂ ਤਰਾਂ, ਪਰ ਉਸ ਵਿਚਲਾ ਪਿੰਨ ਪੁਇੰਟ ਇਨਾ ਕਿ ਜੇ ਦ੍ਰੋਪਦੀ ਦੀ ਲਾਜ ਕ੍ਰਿਸ਼ਨ ਰੱਖ ਸਕਦਾ ਤਾਂ ਬੰਦਿਓ ਬੰਦੀਓ ਤੁਸੀਂ ਕਿਓਂ ਸਮਰਿਪਤ ਨਹੀ ਹੁੰਦੇ ਰੱਬ ਸਚੇ ਨੂੰ। ਨਾ ਓਨਾ ਦ੍ਰੋਪਦੀ ਜਾਂ ਕ੍ਰਿਸ਼ਨ ਜਾਂ ਉਸ ਦੀ ਕਹਾਣੀ ਤੋਂ ਕੁਝ ਲੈਣਾ ਦੇਣਾ ਸੀ ਗੁਰਾਂ ਕਹਾਣੀ ਕਹੀ ਅਪਣਾ ਸੁਨੇਹਾ ਦਿਤਾ ਤੇ ਗਲ ਅਗਲੀ ਤੋਰੀ।ਨਹੀ ਤਾਂ ਸਾਰਾ ਜੋਰ ਸਾਡੀ ਹੁਣ ਵਰਗੀ ਬਹਿਸ ਤੇ ਹੀ ਤੇ ਹੀ ਲਗੀ ਜਾਣਾ ਸੀ ਕਿ ਹੁਣ ਕ੍ਰਿਸ਼ਨ ਕਿਥੇ ਐ, ਹੁਣ ਰੱਬ ਦੀ ਜਾਗ ਕਿਓਂ ਨਹੀ ਖੁਲਦੀ, ਹੁਣ ਰੱਬ ਕਿਥੇ ਸੁਤਾ ਪਿਆ।

ਤਗੜੇ ਦੇ ਧੱਕੇ ਦੀ ਗਲ ਕਰਨ ਲਗੇ ਤੁਸੀਂ ਲੇਲੇ ਅਤੇ ਬਘਿਆੜ ਦੀ ਗਲ ਕਰਦੇ ਹੋਂ ਕਦੇ ਸਵਾਲ ਉਠਿਆ ਹੋਵੇ ਕਿ ਬਘਿਆੜ ਨੂੰ ਲੇਲਾ ਖਾਣ ਖਾਤਰ ਜੂਠੇ ਪਾਣੀ ਦਾ ਬਹਾਨਾ ਘੜਨ ਦੀ ਕੀ ਲੋੜ ਸੀ।

ਅਸੀਂ ਅਪਣੀ ਆਮ ਜਿੰਦਗੀ ਵਿਚ ਅਪਣੀ ਗਲ ਦੀ ਪ੍ਰੋੜਤਾ ਕਰਨ ਲਈ ਜਾਂ ਸੌਖਿਆਂ ਸਮਝਾਓਂਣ ਲਈ ਪ੍ਰਚਲਤ ਮੁਹਾਵਰੇ, ਕਹਾਣੀਆਂ, ਟੋਟਕੇ ਆਮ ਹੀ ਵਰਤਦੇ ਹਾਂ ਨਾ ਕਿ ਓਨਾ ਦੀ ਚੀਰ ਫਾੜ ਕਰਨ ਤੁਰਦੇ ਹਾਂ।

ਗੁਰਾਂ ਤਾਂ ਵਾਰਾਂ ਵਿਚ ਪ੍ਰਚਲਤ ਵਾਰਾਂ ਵਾਲੇ ਰਾਜੇ ਵੀ ਵਰਤੇ ਪਰ ਇਸ ਦਾ ਮਤਲਬ ਓਨਾ ਨੂੰ ਰੱਬ ਮੰਨ ਲਿਆ? ਜਿਵੇਂ ਟੁੰਡੇ ਅਸਰਾਜੇ ਕੀ ਧੁਨੀ ਆਦਿ।

ਪੰਚ ਤੰਤਰ ਕਿਤਾਬ ਦਾ ਜਿਕਰ ਹੋਇਆ ਸੀ ਉਸ ਵਿਚ ਇਕ ਹੋਰ ਕਹਾਣੀ ਹੈ ਜਿਹੜੀ ਗੁਰਬਾਣੀ ਨੇ ਕੋਟ ਕੀਤੀ।ਕਿ ਰਾਜੇ ਦੀ ਕੁੜੀ ਉਪਰ ਮੋਹਤ ਹੋਇਆ ਇੱਕ ਠਗ ਵਿਸ਼ਨੂੰ ਦੀ ਨਕਲ ਧਾਰ ਕੇ ਉਸ ਨੂੰ ਵਰ ਲੈ ਗਿਆ ਕਿਓਕਿ ਕੁੜੀ ਵਿਸ਼ਨੂੰ ਦੀ ਪੁਜਾਰਨ ਸੀ। ਤੜੀ ‘ਚ ਆਏ ਰਾਜੇ ਨੇ ਕਿ ਵਿਸ਼ਨੂੰ ਭਗਵਾਨ ਜਵਾਈ ਹੈ ਉਸ ਦਾ ਹੁਣ ਕੀ ਪ੍ਰਵਾਹ , ਗੁਆਂਢੀ ਰਾਜੇ ਨਾਲ ਲੜਾਈ ਛੇੜ ਦਿਤੀ ਪਰ ਵਰਦੀਆਂ ਦੇਖ ਨਕਲੀ ਵਿਸ਼ਨੂੰ ਭਜ ਨਿਕਲਿਆ ਤਾਂ ਅਸਲੀ ਵਿਸ਼ਨੂੰ ਨੇ ਕਿ ਮੇਰਾ ਨਾਮ ਬਦਨਾਮ ਹੋ ਜਾਣਾ ਜੇ ਨਾ ਗਿਆ ਆ ਕੇ ਰਾਜੇ ਦੀ ਮਦਦ ਕੀਤੀ।

ਗੁਰੂ ਸਾਹਿਬ ਨੇ ਅੰਗ 858 ‘ਤੇ ਗੁਰਬਾਣੀ ਨੇ ਇਹ ਕਹਾਣੀ ਵੀ ਕੋਟ ਕੀਤੀ ਕਿ ਤੇਰਾ ਭਗਵਾਨ ਇਕ ਕਾਮੀ ਸਵਾਰਥੀ ਦੀ ਠੱਗੀ ਵੱਜੀ ਤੇ ਵੀ ਬਹੁੜ ਪਿਆ ਪਰ ਲੋਕਾਂ ਨੂੰ ਕਿਓਂ ਡਰਾ ਰਖਿਆ ਕਿ ਪਹਿਲਾਂ ਮੇਰੇ ਪੈਰ ਧੋਵੋ ਫਿਰ ਆਊ।

ਕਹਾਣੀ ਦਾ ਮਕਸਦ ਪੰਡੀਏ ਦੀ ‘ਸੁਪਰਮੇਸੀ’ ਭੰਨਣਾ ਸੀ। ਭਗਤ ਸਧਨਾ ਜੀ ਇਸ ਬਹਿਸ ਵਿਚ ਨਹੀ ਗਏ ਕਿ ਵਿਸ਼ਨੂੰ ਕੀ ਸੀ ਜਾਂ ਕੀ ਨਹੀ? ਇਥੇ ਓਨਾ ਦਾ ਪਿੰਨ ਪੁਇੰਟ ਰੱਬੀ ਹਸਤੀ ਉਪਰ ਭਰੋਸਾ ਹੋਣਾ ਸੀ।

ਭਗਤ ਤਿਲੋਚਨ ਜੀ ਨੂੰ ਇਸ ਗਲ ਨਾਲ ਕੋਈ ਲੈਣਾ ਦੇਣਾ ਨਹੀ ਮਰਣ ਸਮੇ ਕੀ ਸਿਮਰੇ ਤਾਂ ਕੀ ਬਣਦਾ। ਓਹਨਾ ਪ੍ਰਚਲਤ ਧਾਰਨਾ ਚੁਕੀ ਅਤੇ ਕਹਿੰਦੇ ਮਰਣ ਸਮੇ ਜੇ ਮੰਦਰ ਸਿਮਰੇ ਭੂਤ, ਲਛਮੀ ਸਿਮਰੇ ਜੇ ਸਪ ਹੋਇਆ ਜਾ ਸਕਦਾ ਤਾਂ ਫਿਰ ਤੂੰ ਆਖਰ ਸਮੇ ਨਰਾਇਣ ਹੀ ਸਿਮਰਨ ਦੀ ਆਦਤ ਹੀ ਕਿਓਂ ਨਹੀ ਪਾਓਂਦਾ ਤਾਂ ਕਿ ਮੁਕਤ ਹੋ ਸਕੇਂ।

ਭਾਈ ਗੁਰਦਾਸ ਜੀ ਨੇ ਹੀਰ ਰਾਂਝਿਆਂ ਜਾਂ ਸਸੀਆਂ ਤੋਂ ਕਿਆ ਲੈਣਾ ਦੇਣਾ ਸੀ ਪਰ ਓਨਾ ਕਹਾਣੀਆਂ ਕੋਟ ਕਰਕੇ ਮਨੁਖ ਨੂੰ ਪ੍ਰੀਤ ਗੁਰਾਂ ਨਾਲ ਜੋੜਨ ਬਾਰੇ ਕਿਹਾ।

ਜਦ ਕਹਾਣੀਆਂ ਨੂੰ ਕੋਟ ਕਰਨ ਵਿਚਲਾ ਸਚ ਮੇਰੇ ਸਮਝ ਆ ਗਿਆ ਤਾਂ ਗੁਰਾਂ ਦੇ ਫਲਸਫੇ ਵਿਚੋਂ ਫਿਰ ਮੈਨੂੰ ਸਨਾਤਨਤਾ ਦੀਆਂ ਝਲਕੀਆਂ ਦਿਸਣੀਆਂ ਹਟ ਜਾਣਗੀਆਂ।ਮੇਰੀ ਸਮੱਸਿਆ ਇਹ ਰਹੀ ਕਿ ਵਾਰ ਵਾਰ ੧ਓ ਚੇਤੇ ਕਰਾਏ ਜਾਣ ਦੇ ਬਾਵਜੂਦ ਮੈਂ ਅਖਰਾਂ ਤੋਂ ਪਾਰ ਵਿਚਲਾ ਸੱਚ ਨਹੀ ਸਮਝ ਸਕਿਆ ਜਿਸ ਕਾਰਣ ਹਿੰਦੂ ਮਿਥਆਲਜੀ ਨੂੰ ਗੁਰਾਂ ਦੀ ਸ਼ੁਧ ਧਾਰਾ ਨਾਲ ਰਲ ਗਡ ਕਰ ਬੈਠਾ।ਗੁਰੂ ਸਾਹਬ ਮੇਰੇ ਵਰਗੇ ਹੋਸ਼ੇ ਤਰਕਵਾਦੀ ਨਾ ਸਨ ਕੀ ਸਿਧਾ ਹੀ ਕੁਹਾੜਾ ਵਾਹੁਣ ਲਗ ਗਏ ਕਿ ਆਹ ਨਹੀ ਹੋ ਸਕਦਾ, ਆਹਾ ਕਿਵੇਂ ਹੋ ਸਕਦਾ, ਇਹ ਕਿਵੇਂ ਹੋ ਗਿਆ, ਇਹ ਨਾ ਮੁਮਕਿਨ ਹੈ।

ਕਿਓਂ , ਕਿਵੇਂ ਵਰਗੀਆਂ ਫਜੂਲ ਬਹਿਸਾਂ ਵਿਚ ਬਾਬਾ ਜੀ ਅਪਣੇ ਪੈਂਦੇ ਤਾਂ ਹੋ ਗਿਆ ਸੀ ਪ੍ਰਚਾਰ।

ਓਨਾ ਕਿਹਾ ਹੀ ਨਹੀ ਕਿ ਕਿਹੜੀ ਤੇਰੀ ਮਾਂ ਕਾਮਧੇਨ ਜਾਂ ਪਾਰਜਾਤ ਰੁਖ ਜਾਂ ਪਾਰਸ ਦੀ ਵਟੀ ਜਿਹੜੀ ਤੈਨੂੰ ਖੀਰਾਂ ਪੂੜੇ ਬਣਾ ਬਣਾ ਕੇ ਦਿੰਦੀ ਜਾਂ ਲੋਹੇ ਨੂੰ ਸੋਨਾ ਕਰਦੀ।

ਓਹ ਕਹਿੰਦੇ ਸਭ ਕੁਝ ਹੈ ਪਰ ਆਹਾ।

॥ਪਾਰਜਾਤ ਇਹ ਹਰਿ ਕੋ ਨਾਮ ਕਾਮਧੇਨ ਹਰਿ ਹਰਿ ਗੁਣ ਗਾਮ॥

ਪਾਰਸ ਗੁਰੂ ਦਾ ਸਬਦ ਐ ਜਿਹੜਾ ਲੋਹੇ ਨੂੰ ਸੋਨਾ ਕਰ ਦਿੰਦਾ ਪਥਰਾਂ ਨੂੰ ਮੋਮ ਕਰਦਾ ਅਤੇ ਜੜ ਹੋਇਆਂ ਨੂੰ ਜਿਓਂਦੇ ਕਰ ਦਿੰਦਾ।ਨਹੀ ਕੀਤਾ ਤਾਂ ਦਸ ਦਿਓ।ਲੰਮੀ ਲਿਸਟ ਹੈ ਠਗਾਂ ਚੋਰਾਂ ਅਤੇ ਭਾਗੋਆਂ ਦੀ।ਮੈਂ ਤਤ ਛੱਡ ਦਿਤਾ ਕਿ ਗੱਲ ਕੀ ਹੋ ਰਹੀ ਸੀ ਪਰ ਲੇਲੇ ਅਤੇ ਬਘਿਆੜ ਦੀ ਕਹਾਣੀ ਉਪਰ ਬਹਿਸ ਛੇੜ ਤਰਾਂ ਬਾਹਾਂ ਟੰਗ ਖੜੋਤਾ ਕਿ ਲੇਲਾ ਓਥੇ ਕੀ ਲੈਣ ਗਿਆ ਸੀ? ਜਦ ਦਿਸਦਾ ਸੀ ਮੂਹਰੇ ਬਘਿਆੜ ਪਾਣੀ ਪੀ ਰਿਹਾ। ਕੋਈ ਆਂਹਦਾ ਤੇਹ ਹੀ ਜਿਆਦਾ ਲਗੀ ਹੋਣੀ, ਕਿਸੇ ਕਿਹਾ ਵਿਚਾਰੇ ਨੂੰ ਦਿਸਿਆ ਨਹੀ ਹੋਣਾ, ਕੋਈ ਆਂਹਦਾ ਪਿਓ ਨਾ ਲੜ ਕੇ ਗਿਆ ਹੋਣਾ ਸੁਸਾਈਡ ਕਰਨ।

**-ਗੁਰਦੇਵ ਸਿੰਘ ਸੱਧੇਵਾਲੀਆ**

# ਚਾਹਤ ਫਤਿਹ ਅਲੀ ਖਾਨ ਉੱਪਰ ਯੂਕੇ ਵਿੱਚ ਸੁੱਟੇ ਅੰਡੇ



ਲੰਡਨ:ਚਾਹਤ ਫਤਹਿ ਅਲੀ ਖਾਨ ਜੋ ਕਿ ਕਾਫੀ ਬੇਸੁਰਾਂ ਗਾਉਂਦਾ ਹੈ ਇਸੇ ਕਰਕੇ ਉਹ ਸੋਸ਼ਲ ਮੀਡੀਆ ਸ਼ਖਸੀਅਤ ਬਣਿਆ ਹੋਇਆ ਹੈ।ਲੰਡਨ ਵਿੱਚ ਨੌਜਵਨਾ ਦੇ ਗਰੁੱਪ ਨੇ ਉਨਾ ਉਪਰ ਅੰਡੇ ਸੁਟੇ।ਚਾਹਤ ਫਤਿਹ ਅਲੀ ਖਾਨ ਇੱਕ ਗਾਇਕ ਅਤੇ ਕਲਾਕਾਰ ਹੈ ਜੋ ਆਪਣੇ ਅਸਾਧਾਰਨ ਗੀਤਾਂ ਅਤੇ ਹਾਸਰਸ ਪ੍ਰਦਰਸ਼ਨਾਂ ਕਾਰਨ ਸੋਸ਼ਲ ਮੀਡੀਆ ‘ਤੇ ਪ੍ਰਸਿੱਧੀ ਪ੍ਰਾਪਤ ਕੀਤੀ। ਉਸਨੂੰ ਅਕਸਰ ਟੀਵੀ ਸ਼ੋਅ ਅਤੇ ਹੋਰ ਪ੍ਰੋਗਰਾਮਾਂ ਵਿੱਚ ਬੁਲਾਇਆ ਜਾਂਦਾ ਹੈ।ਉਹ ਆਪਣੀ ਪ੍ਰਸਿੱਧੀ ਵਿੱਚ ਵਾਧਾ ਦੇਖ ਕੇ ਬਹੁਤ ਖੁਸ਼ ਹੈ, ਅਤੇ ਉਹ ਵੱਖ-ਵੱਖ ਪ੍ਰੋਗਰਾਮਾਂ ਅਤੇ ਉਦਘਾਟਨਾਂ ਵਿੱਚ ਸ਼ਾਮਲ ਹੁੰਦਾ ਹੈ। ਉਹ ਇੱਕ ਰੈਸਟੋਰੈਂਟ ਦੇ ਉਦਘਾਟਨ ਲਈ ਯੂਕੇ ਵਿੱਚ ਸੀ।


BADH & REJMINIAK LLP

ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

Areas of Practice

We provide Legal Services in the following areas:

- Civil Litigation
- Immigration
- Family Law
- Business Law
- Real Estate Transactions
- Notarization & Certification

ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ

- ਸਿਵਲ ਮੁਕੱਦਮਾ
- ਇੰਮੀਗ੍ਰੇਸ਼ਨ
- ਫੈਮਿਲੀ ਲਾਅ
- ਬਿਜਨਸ ਲਾਅ
- ਰੀਅਲ ਐਸਟੇਟ ਲੈਣ ਦੇਣ
- ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ






Ph: 604-503-3132

Fax:604-503-3133

Web:www.bnrlaw.ca

Gurpreet Badh, BSc, LLB

Barrister & Solicitor

#2006-7495, 132 St, Surrey, BC V3W 1J8

# ਪਾਸ਼ ਦਾ ਕਤਲ ਤੇ ਵਰਿਆਮ ਸੰਧੂ ਦਾ ਪ੍ਰੋ. ਹਰਿੰਦਰ ਸਿੰਘ ਮਹਿਬੂਬ ਖ਼ਿਲਾਫ਼ ਸਾਜਿਸ਼ਾਨਾ ਪ੍ਰਾਪੇਗੰਡਾ

ਪੰਜਾਬੀ ਦੇ ਨਾਮਵਾਰ ਕਹਾਣੀਕਾਰ ਸ. ਵਰਿਆਮ ਸਿੰਘ ਸੰਧੂ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਤੇ ਪਾਸ਼ ਦੇ ਕਤਲ ਨੂੰ ਮੁੱਖ ਰੱਖਦੇ ਹੋਏ, ਇੱਕ ਲੇਖ ਸਾਂਝਾ ਕੀਤਾ ਸੀ, ਜਿਸ ਵਿੱਚ ਜ਼ਿਕਰ ਕਰਦਿਆਂ ਉਨ੍ਹਾਂ ਪੰਜਾਬੀ ਦੇ ਅਲੋਕਾਰੀ ਚਿੰਤਕ ਤੇ ਕਵੀ ਪ੍ਰੋ. ਹਰਿੰਦਰ ਸਿੰਘ ਮਹਿਬੂਬ ਤੇ ਬੇਹੱਦ ਲੱਚਰ ਕਿਸਮ ਦੇ ਦੂਸ਼ਣ ਲਗਾਉਂਦਿਆਂ ਪੰਜਾਬੀ ਸਾਹਿਤ ਅੰਦਰਲੇ ਕਮਿਊਨਿਸਟ ਤਬਕੇ ਦੀ ਸੋਚ ਤੇ ਕਈ ਮਹਿਬੂਬ ਵਿਰੋਧੀ ਲੇਖਕਾਂ ਦੀ ਰਾਏ ਨੂੰ ਸਥਾਪਤ ਕਰਨ ਦਾ ਯਤਨ ਕਰਦਿਆਂ ਕਿਹਾ ਸੀ ਕਿ ਹਰਿੰਦਰ ਸਿੰਘ ਮਹਿਬੂਬ ਨੂੰ ਸਾਹਿਤ ਅਕਾਦਮੀ ਇਨਾਮ ਆਪਣੀ ਕਿਤਾਬ "ਝਨਾਂ ਦੀ ਰਾਤ" ਵਿੱਚੋਂ ਇੰਦਰਾ ਗਾਂਧੀ ਦੇ ਨਾਮ ਹੇਠਲੀ ਕਵਿਤਾ ਦੇ ਪੰਨੇ ਪਾੜ ਕੇ ਭੇਜਣ ਕਾਰਨ ਮਿਲਿਆ ਸੀ. ਕਈ ਸਾਹਿਤਕਾਰ ਇਹ ਵੀ ਆਖਦੇ ਹਨ ਕਿ ਮਹਿਬੂਬ ਨੂੰ ਇਹ ਇਨਾਮ ਖਾੜਕੂਆਂ ਦੀ ਬਦੌਲਤ ਮਿਲਿਆ ਸੀ, ਜਾਂ ਉਨ੍ਹਾਂ ਦਿਵਾਇਆ ਸੀ. ਇਸ ਮਸਲੇ ਤੇ ਮੈਂ ਵਰਿਆਮ ਸੰਧੂ ਹੁਰਾਂ ਨੂੰ ਸੰਬੋਧਿਤ ਹੋ ਕੇ ਇੱਕ ਵੱਡੀ ਟਿੱਪਣੀ ਉਨ੍ਹਾਂ ਨੂੰ ਮੈਨਸ਼ਨ ਕਰਕੇ ਲਿਖੀ ਸੀ, ਪਰ ਸ਼ਾਇਦ ਉਨ੍ਹਾਂ ਨੂੰ ਉਹ ਟਿੱਪਣੀ ਪਸੰਦ ਨਹੀਂ ਆਈ ਤੇ ਉਹ ਮੈਨੂੰ ਬਲੌਕ ਕਰ ਗਏ. ਬਾਅਦ ਵਿੱਚ ਇਹੀ ਟਿਪਣੀ ਪੰਜਾਬ ਟਾਇਮਜ ਅਖਬਾਰ ਅੰਦਰ ਦੋ ਕਿਸ਼ਤਾਂ ਵਿਚ ਛਪੀ ਸੀ, ਜੋ ਇਸ ਪੋਸਟ ਦੇ ਨਾਲ ਅੱਜ ਮੁੜ ਨੱਥੀ ਹੈ. ਹੁਣ ਤਿੰਨ ਸਾਲ ਬਾਅਦ ਇਸ ਵਿਸ਼ੇ ਨੂੰ ਮੁੜ ਚੇਤੇ ਕਰਨ ਦੀ ਨੌਬਤ ਇਸ ਕਾਰਨ ਵੀ ਆ ਗਈ ਹੈ ਕਿ ਵਰਿਆਮ ਸੰਧੂ ਹੁਰਾਂ ਨੇ ਇਕ ਵਾਰ ਮੁੜ ਤੋਂ ਇਸੇ ਘਿਸੇ-ਪਿਟੇ ਵੇਰਵੇ ਨੂੰ ਉਭਾਰਦਿਆਂ ਮਹਿਬੂਬ ਉੱਪਰ ਉਹੀ ਦੋਸ਼ ਇਕ ਵਾਰ ਫਿਰ ਤੋਂ ਉਭਾਰੇ ਹਨ. ਜਿਸ ਵਿਚ ਉਨ੍ਹਾਂ ਨੇ ਮਹਿਬੂਬ ਹੁਰਾਂ ਦੁਆਰਾ ਪਾਸ਼ ਦੇ ਕਤਲ ਤੋਂ ਬਾਅਦ ਲਿਖੀ ਚਿੱਠੀ ਨੂੰ ਹਵਾਲੇ ਵਜੋਂ ਵਰਤਿਆ ਹੈ.





ਦਿਲਚਸਪ ਗੱਲ ਇਹ ਹੈ ਕਿ ਪੰਜਾਬੀ ਦੇ "ਵੱਡਾ" ਕਹਾਣੀਕਾਰ ਸ. ਵਰਿਆਮ ਸੰਧੂ ਇੱਕ ਨਿੱਕੀ ਜਿਹੀ ਗੱਲ ਨਹੀਂ ਸਮਝਦਾ. ਉਸ ਦਾ ਮੰਨਣਾ ਹੈ ਕਿ ਜੇਕਰ ਕੋਈ ਇੱਕ ਲੇਖਕ ਕਿਸੇ ਦੂਜੇ ਲੇਖਕ ਨਾਲ ਅਸਹਿਮਤ ਹੈ ਜਾਂ ਸਹਿਮਤ ਹੈ ਤਾਂ ਉਹ ਵਿਸ਼ੇ ਜਾਂ ਨੁਕਤੇ ਤੇ ਨਹੀਂ, ਬਲਕਿ ਉਸ ਦੇ ਸਮੁੱਚ ਵਿੱਚ ਅਜਿਹਾ ਪ੍ਰਗਟ ਕਰੇ ਤੇ ਉਸ ਦਾ ਸਾਥ ਦੇਵੇ. ਜਿਸ ਦਾ ਸਿੱਧਾ ਅਰਥ ਇਹ ਬਣਦਾ ਹੈ ਕਿ ਜੇਕਰ ਅੱਜ ਮੈਂ ਸ. ਵਰਿਆਮ ਸਿੰਘ ਸੰਧੂ ਨਾਲ ਉਨ੍ਹਾਂ ਦੀ ਵਿਚਾਰਧਾਰਾ ਜਾਂ ਕਿਸੇ ਮਸਲੇ ਤੇ ਇਕ ਸਹਿਮਤੀ ਭਰੀ ਰਾਏ ਨਹੀਂ ਰੱਖਦਾ ਤਾਂ ਮੈਂ ਉਨ੍ਹਾਂ ਨੂੰ ਇਹ ਆਖ ਕੇ ਸੰਬੋਧਿਤ ਹੋਵਾਂ ਕੇ ਵਰਿਆਮ ਸੰਧੂ ਇਕ ਨਖਿੱਧ ਤੇ ਬੇਕਾਰ ਕਿਸਮ ਦਾ ਕਹਾਣੀਕਾਰ ਹੈ. ਕੀ ਇਹ ਸਹੀ ਹੈ? ਮੈਂ ਸਮਝਦਾ ਹਾਂ ਬਿਲਕੁਲ ਨਹੀਂ. ਇਹ ਲਿਖਤ ਤੇ ਸ਼ਖਸੀਅਤ ਦੋਵਾਂ ਨੂੰ ਪਰਖਣ ਦਾ ਕੋਈ ਤਰਕਸੰਗਤ ਤਰਕ ਨਹੀਂ. ਪਰ ਵਰਿਆਮ ਸੰਧੂ ਹੁਰੀਂ ਆਪਣੀ ਲੇਖਣੀ ਵਿਚ ਇਹ ਮੰਗ ਕਰਦੇ ਹਨ ਕਿ ਜੇਕਰ ਮਹਿਬੂਬ ਹੁਰਾਂ ਨੂੰ ਵਾਕਈ ਪਾਸ਼ ਦੇ ਕਤਲ ਦਾ ਦੁੱਖ ਹੈ ਤਾਂ ਉਹ ਉਸ ਦੇ ਨਾਲ ਕਿਉਂ ਨਹੀਂ ਖੜ੍ਹੇ ਜਾਂ ਉਸ ਦੀ ਵਿਚਾਰਧਾਰਾ ਪ੍ਰਤੀ ਉਨ੍ਹਾਂ ਦੀ ਸਹਿਮਤੀ ਕਿਉਂ ਨਹੀਂ ਹੋਈ. ਇਸ ਪੱਖ ਤੋਂ ਉਹ ਮਹਿਬੂਬ ਦੀ ਚਿੱਠੀ ਦਾ ਇੱਕ ਇੱਕ ਸ਼ਬਦ ਆਪਣੇ ਵਿਸ਼ਲੇਸ਼ਣ ਵਿੱਚ ਰੱਖਦੇ ਹਨ, ਜਦ ਕਿ ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਮਹਿਬੂਬ ਅਤੇ ਪਾਸ਼ ਦੋ ਵਿਰੋਧੀ ਧੁਰੇ ਸਨ. ਦੋਵਾਂ ਵਿੱਚ ਨਾ ਸਹਿਤਕ ਸਮਾਨਤਾ ਸੀ ਨਾ ਵਿਚਾਰਕ.

ਪਾਸ਼ ਜਿਸ ਧਿਰ ਨਾਲ ਸੰਬੰਧਿਤ ਸੀ, ਇਤਿਹਾਸਿਕ ਤੌਰ ਤੇ ਉਹ ਪੰਜਾਬ ਦੀ ਆਜ਼ਾਦ ਹਸਤੀ, ਹੋਣੀ, ਖਾਲਸ ਪ੍ਰਭੁਤਾ, ਸੱਭਿਅਤਾ ਤੇ ਰਾਜਸੀ ਸੰਕਲਪਨਾ ਦੀ ਪੁਰਜ਼ੋਰ ਵਿਰੋਧੀ ਹੀ ਨਹੀਂ, ਬਲਕਿ ਨੇਸ਼ਨ/ਸਟੇਟ ਨਾਲ ਇਸ ਦੇ ਖਾਤਮੇ ਹਿਤ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ. ਪਾਸ਼ ਦੀ ਕਥਿਤ ਵਿਚਾਰਧਾਰਾ ਉਸ ਸਹਿਮਤੀ ਦੇ ਪੂਰੀ ਤਰ੍ਹਾਂ ਖਿਲਾਫ ਹੈ, ਜਿਸ ਨਾਲ ਮਹਿਬੂਬ ਜੁੜੇ ਹੋਏ ਸਨ. ਮਹਿਬੂਬ ਜਿੱਥੇ ਮਾਰਕਸਵਾਦ ਤੋਂ ਇੱਕ ਇਤਿਹਾਸਿਕ ਘਟਨਾ ਕਾਰਨ ਵੱਖ ਹੋ ਕੇ ਸਿੱਖ ਸੰਕਲਪਨਾ ਦੇ ਧਾਰਨੀ ਬਣਦੇ ਹਨ, ਪਾਸ਼ ਉਸੇ ਇਤਿਹਾਸਿਕ ਵਰਤਾਰੇ ਨੂੰ ਸਮਝਣ ਵਿੱਚ ਪੂਰੀ ਤਰ੍ਹਾਂ ਅਸਫਲ ਹੀ ਨਹੀਂ ਹੋਇਆ, ਬਲਕਿ ਉਸ ਨੇ ਉਸ ਮਸਲੇ ਤੇ ਸੱਤਾ ਦਾ ਸਾਥ ਦਿੱਤਾ. ਇਹੀ ਨਹੀਂ, ਉਹ ਸੱਤਾ ਦੀ ਸਪੱਸ਼ਟ ਦਮਨ ਦੀ ਨੀਤੀ ਤੋਂ ਬਾਅਦ ਵੀ ਉਸ ਦੇ ਖਿਲਾਫ ਜਾਣ ਦੀ ਹਿੰਮਤ ਨਹੀਂ ਕਰ ਸਕਿਆ, ਜਿਹੜੀ ਹਿੰਮਤ ਖੁਸਵੰਤ ਸਿੰਘ ਤੋਂ ਲੈ ਕੇ ਸੰਤ ਸਿੰਘ ਸੇਖੋਂ ਵਰਗੇ ਸਾਹਿਤਕਾਰਾਂ ਨੇ ਆਖ਼ਰ ਕਰ ਲਈ ਸੀ. ਇੱਥੋ ਤੱਕ ਕਿ ਜਿਸ ਨੂੰ ਕੁਲਦੀਪ ਨਈਅਰ ਵਰਗੇ ਰਾਸ਼ਟਰਵਾਦੀ ਸੱਜਣਾਂ ਨੇ ਵੀ ਸਮਝ ਲਿਆ ਸੀ. ਪਾਸ਼ ਉਸ ਸਮਝ ਦਾ ਇੱਕ ਨਮੂਨਾ ਵੀ ਪੇਸ਼ ਨਹੀਂ ਕਰ ਸਕਿਆ. ਇਸ ਲਈ ਇਹ ਤੇ ਹਰਿੰਦਰ ਸਿੰਘ ਮਹਿਬੂਬ ਦਾ ਵਡੱਪਣ ਸੀ ਕਿ ਅਜਿਹੇ ਨਖਿੱਧ, ਅਨੈਤਿਕ ਅਤੇ ਜਾਹਲ ਕਿਸਮ ਦੇ ਵਿਚਾਰਕ ਬੰਦੇ ਪਾਸ਼ ਦੀ ਮੌਤ ਤੋਂ ਬਾਅਦ ਵੀ ਉਨ੍ਹਾਂ ਨੇ ਇਕ ਚਿੱਠੀ ਲਿਖੀ. ਜੋ ਬੇਸ਼ੱਕ

(ਬਾਕੀ ਸਫਾ ਏ 39 ਤੇ)

ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

Trusted Name in Real Estate
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com
Windermere REAL ESTATE
801 State Ave,
Marrysville, Wa 98270






Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਆਪਣੇ ਵਿਰਸੇ ਦੀਆਂ ਯਾਦਾਂ ਨੂੰ ਸਮਰਪਿਤ ਅਤੇ ਸਾਹਿਤਕ ਉਦੇਸ਼ਾਂ ਦੀ ਪੂਰਤੀ ਕਰਦਾ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਦਾ ਸਮਾਗਮ



ਸਿਆਟਲ:-ਹਰਿਆਵਲ-ਬਾਦਸ਼ਾਹ ਸਿਆਟਲ (ਅਮਰੀਕਾ) ਦੀ ਧਰਤੀ ਉਪਰ ਪੰਜਾਬੀ-ਪੰਜਾਬੀਅਤ ਦੀ ਪ੍ਰਫੁਲਤਾ ਪ੍ਰਤੀ ਸੁਹਿਰਦ- ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.), ਜਿਸ ਕੋਲ ਵੱਖ ਵੱਖ ਵਿਧਾਵਾਂ ਦੇ ਸਮੱਰਥ ਲਿਖਾਰੀ,ਬਾਕੀ ਕਲਾਵਾਂ ਵਿੱਚ ਸਮਰਪਿਤ ਮਾਹਿਰ, ਉੱਚਕੋਟੀ ਦੇ ਵਿਦਵਾਨ ਅਤੇ ਯੋਗ ਪ੍ਰਬੰਧਕਾਂ ਦੀ ਟੀਮ ਹੈ, ਨੇ ਆਪਣੇ ਨਿਰੰਤਰ ਚੱਲਦੇ ਪ੍ਰੋਗਰਾਮਾਂ ਨੂੰ ਚਾਲੂ ਰੱਖਦਿਆਂ, ਸਾਹਿਤ ਪ੍ਰੇਮੀ ਅਤੇ ਸਾਹਿਤਕਾਰਾਂ ਨੂੰ ਰਲ ਬੈਠਣ ਦਾ ਮੌਕਾ ਪ੍ਰਦਾਨ ਕੀਤਾ, ਬੀਤੇ ਐਤਵਾਰ ਨੂੰ, 'ਗੋਲਡਨ ਕਰੀ, ਕੈਂਟ (ਸਿਆਟਲ)' ਦੇ ਹਾਲ ਵਿੱਚ। ਸਭਾ ਦੇ ਸਰਪ੍ਰਸਤ ਸ਼ੰਗਾਰ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ 'ਸਾਹਿਤ, ਸੰਗੀਤ-ਮਹਿਫਲ,ਸਨਮਾਨ ਅਤੇ ਸਭਾ ਤੋਂ ਵਿਛੜੀਆਂ ਰੂਹਾਂ: ਸਵ. ਨਿਰੰਜਨ ਸਿੰਘ ਸਹੋਤਾ ਅਤੇ ਸਵ. ਬੀਬੀ ਸਵਰਾਜ ਕੌਰ ਦੀ ਯਾਦ ਨੂੰ ਸਮਰਪਿਤ ਵਿਸ਼ੇਸ਼ ਸਮਾਰੋਹ' ਕੀਤਾ ਗਿਆ।

ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਟਿਵਾਣਾ ਨੇ ਆਏ ਹੋਏ ਸਾਰੇ ਮੈਂਬਰਾਂ, ਅਹੁਦੇਦਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ 'ਜੀ ਆਇਆਂ' ਕਹਿੰਦਿਆਂ ਸਮਾਗਮ ਦੀ ਰੂਪ ਰੇਖਾ ਸਾਂਝੀ ਕੀਤੀ ਅਤੇ ਸ. ਨਿਰੰਜਨ ਸਿੰਘ ਸਹੋਤਾ ਜੀ ਦੇ ਜੀਵਨ ਅਤੇ ਲਿਖਤਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਸਭਾ ਦੇ ਜ.ਸਕੱਤਰ ਜਗੀਰ ਸਿੰਘ ਅਤੇ ਸਹਾਇਕ ਸਕੱਤਰ ਸਾਧੂ ਸਿੰਘ ਝੱਜ ਨੇ ਅਦਬੀ ਸ਼ਬਦਾਂ ਨਾਲ ਸਮਾਗਮ ਨੂੰ ਤਰਤੀਬ ਦਿੱਤੀ।

ਨਿਰੰਜਨ ਸਿੰਘ ਸਹੋਤਾ ਨੂੰ ਯਾਦ ਕਰਦਿਆਂ ਉਹਨਾਂ ਦੇ ਬੇਟੇ ਕੰਵਲਜੀਤ ਸਿੰਘ ਨੇ ਉਹਨਾਂ ਦੇ ਸਾਹਿਤ ਪ੍ਰਤੀ ਜਨੂੰਨ ਦੀ ਘਟਨਾ ਦੱਸੀ ਕਿ ਬਿਲਕੁੱਲ ਅੰਤਲੇ ਪਲਾਂ ਵਿੱਚ ਵੀ, ਇਲਾਜ ਕਰ ਰਹੇ ਡਾਕਟਰ ਤੋਂ ਪੈਨ -ਕਾਪੀ ਲੈ ਕੇ ਆਖਰੀ ਕਵਿਤਾ ਲਿਖ ਕੇ ਇਸ ਸੰਸਾਰ ਨੂੰ ਅਲਵਿਦਾ ਕਿਹਾ।ਇਸੇ ਤਰਾਂ ਬੀਬੀ ਸਵਰਾਜ ਕੌਰ ਦੇ ਬੇਟੇ ਪ੍ਰਦੀਪ ਸਿੰਘ ਸੰਘੇੜਾ ਨੇ ਉਹਨਾਂ ਦੇ ਬਚਪਨ ਵਿੱਚ ਵੀ ਪੰਜਾਬੀ ਪ੍ਰਤੀ ਪਨਪੇ ਮੋਹ ਦੀ ਘਟਨਾ ਦਾ ਵਰਨਣ ਕੀਤਾ ਅਤੇ ਇਹੀ ਪੰਜਾਬੀ-ਸਨੇਹ ਆਖਰੀ ਦਮ ਤੱਕ ਉਹਨਾਂ ਨੇ ਨਿਭਾਇਆ। ਬਲਿਹਾਰ ਲੇਹਲ ਦੇ ਸ਼ਬਦਾਂ ਵਿੱਚ ਇਸੇ ਮੋਹ ਦਾ ਨਤੀਜਾ ਸੀ ਕਿ ਪੰਜਾਬ ਭਵਨ ਸਰੀ ਨੇ ਆਪਣੇ ਵਕਾਰੀ ਐਵਾਰਡ ਨਾਲ ਉਹਨਾਂ ਨੂੰ ਸਨਮਾਨਿਆ। ਸਭਾ ਨੂੰ ਦੋਹਾਂ ਸ਼ਖਸ਼ੀਅਤਾਂ ਦੀ ਦੇਣ ਦਾ ਜ਼ਿਕਰ ਕਰਦਿਆਂ, ਮੁੱਢ ਤੋਂ ਹੀ ਸਭਾ ਲਈ ਸਮਰਪਿਤ ਰਹੇ ਸਾਹਿਤਕਾਰ ਹਰਦਿਆਲ ਵਿੱਚ ਚੀਮਾ ਜੀ ਨੇ ਉਹਨਾਂ ਨਾਲ ਸੰਬੰਧਿਤ ਸੁਨਹਿਰੇ ਪਲਾਂ ਨੂੰ ਸਾਂਝਾ ਕੀਤਾ।ਜੰਗਪਾਲ ਸਿੰਘ ਕੋਟਕਪੂਰਾ ਨੇ ਅਮਰੀਕੀ ਲੋਕਤੰਤਰ ਵਿੱਚ ਆਏ ਉਤਰਾਆਂ ਚੜਾਵਾਂ ਦੀ ਜਾਣਕਾਰੀ ਦਿੱਤੀ ਜਦੋਂ ਕਿ ਨੀਤ ਗਰੇਵਾਲ ਨੇ ਨੌਜਵਾਨਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਦੇ ਯਤਨਾਂ ਦੀ ਲੋੜ ਤੇ ਜ਼ੋਰ ਦਿੱਤਾ।

ਸਾਹਿਤਕ,ਸੰਗੀਤਕ ਪ੍ਰੋਗਰਾਮ ਅਧੀਨ ਕੀਤੇ ਗਏ ਕਵੀ ਦਰਬਾਰ ਵਿੱਚ ਸ਼ੰਗਾਰ ਸਿੰਘ ਸਿੱਧੂ,( ਆ ਧੀਏ ਗਲ ਲੱਗ ਮਿਲੀਏ, ਯਾਦਾਂ ਵਿੱਚ ਪਿਆਰ ਬੜਾ ਏ) ਪ੍ਰਸਿੱਧ ਗਾਇਕ ਬਲਬੀਰ ਸਿੰਘ ਲਹਿਰਾ,(ਕੁਦਰਤ ਨੇ ਕਾਗਜ਼ ਤੇ ਕਲਮਾਂ ਹੱਥ ਫੜਾਈਆਂ ਨੇ,ਸਿਰ ਝੁਕਦਾ ਜਿਹਨਾਂ ਮਾਂ-ਬੋਲੀ ਲਈ ਵਾਹੀਆਂ ਨੇ' ਅਤੇ ਹੋਰ ਕਈ ਗੀਤ), ਸਾਧੂ ਸਿੰਘ ਝੱਜ(,ਲੁੱਟ ਲੈ ਮੌਜ਼ ਬਹਾਰ ਇਸ ਜੀਵਨ ਦੇ ਦਿਨ ਨੇ ਚਾਰ), ਬਲਜਿੰਦਰ ਸਿੰਘ,( ਮਾਪਿਆਂ ਤੋਂ ਬਿਨਾਂ ਕਾਹਦੀਆਂ ਫੇਰੀਆਂ), ਸ਼ਿੰਦਰਪਾਲ ਸਿੰਘ ਔਜਲਾਂ (ਯਾਰ ਉਹ ਕਾਹਦਾ ਬੰਦਾ ਵਕਤ ਵਿਚਾਰੇ ਨਾ,ਮੁਸ਼ਕਲ ਵਿੱਚ ਕਿਸੇ ਦਾ ਕੰਮ ਸੰਵਾਰੇ ਨਾ), ਕੰਵਲਜੀਤ ਸਿੰਘ ਬੱਤਰਾ ਨੇ ਧਾਰਮਿਕ ਗੀਤ (ਮੈਂ ਸੱਭ ਦਾ ਹੋ ਕੇ ਵੇਖ ਲਿਆ ਬੱਸ ਤੇਰਾ ਹੋਣਾ ਬਾਕੀ ਏ), ਹਰਕੀਰਤ ਕੌਰ ਬਠਿੰਡਾ ਮੀਤ ਪ੍ਰਧਾਨ ਨੇ ਮੀਹ ਦੇ ਕਹਿਰ ਸਬੰਧੀ, ਹਰਰਤਨ ਸਿੰਘ ਨੇ ਵਿਦੇਸ਼ਾਂ ਵਿੱਚ ਕੀਤੇ ਪੰਜਾਬੀ ਸਬੰਧੀ ਕੰਮਾਂ ਬਾਰੇ, ਦਵਿੰਦਰ ਸਿੰਘ ਹੀਰਾ ਨੇ ਢਾਡੀ ਰਾਗੀ ਗੀਤ (ਮਾਵਾਂ ਭਾਵੇਂ ਹੋਵਣ ਹੁਸਨ ਦੀਆਂ ਪਰੀਆਂ ਪੁਤਰਾਂ ਬਿਨਾਂ ਸ਼ਿੰਗਾਰ ਨਹੀਂ), ਬੁਲੰਦ ਆਵਾਜ਼ ਦੇ ਮਾਲਿਕ ਅਵਤਾਰ ਬਿੱਲਾ ਗਾਇਕ ਨੇ ਮਿਰਜ਼ਾ ਸਾਹਿਬਾਂ ਦੇ ਕਿੱਸੇ ਦੇ ਦੋ ਬੰਦ ਸੁਣਾਏ ਅਤੇ ਜਗੀਰ ਸਿੰਘ ਨੇ ਸਹੋਤਾ ਜੀ ਦੀ ਲਿਖੀ ਕਵਿਤਾ ਪੜ੍ਹੀ। ਪਰਮਿੰਦਰ ਸਿੰਘ ਟਿਵਾਣਾ ਨੇ ਆਪਣੇ ਅੰਦਾਜ਼ ਵਿੱਚ ਕਵਿਤਾ ਸੁਣਾਈ।ਸਭਾ ਦੇ ਹੋਰ ਕਈ ਅਹੁੱਦੇਦਾਰਾਂ ਅਤੇ ਮੈਂਬਰਾਂ ਨੇ ਆਪਣੇ ਸਿਰਜੇ ਲੈਅਬੱਧ ਗੀਤਾਂ, ਕਵਿਤਾਵਾਂ ਰਾਹੀਂ ਰੰਗ ਬੰਨਿਆ ਜਿਹਨਾਂ ਵਿੱਚ ਪੰਜਾਬੀ ਸੱਭਿਆਚਾਰ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਡੁੱਲ੍ਹ ਡੁੱਲ੍ਹ ਪੈਂਦੀ ਸੀ।ਜ਼ਿੰਦਗੀ ਨਾਲ ਸੰਬੰਧਿਤ ਅਨੇਕਾਂ ਵਿਸ਼ੇ ਇਹਨਾਂ ਰਚਨਾਵਾਂ ਵਿੱਚ ਝਲਕਦੇ ਸਨ।

ਸੁੱਚਾ ਸਿੰਘ ਗਿੱਲ ਸਲਾਹਕਾਰ, ਕੰਵਲਜੀਤ ਕੌਰ ਗਿੱਲ, ਪਰਮਜੀਤ ਕੌਰ ਟਿਵਾਣਾ, ਹਰਿੰਦਰ ਕੌਰ, ਰਣਜੀਤ ਸਿੰਘ ਮੱਲੀ, ਸ਼ਸ਼ੀ ਪ੍ਰਾਸ਼ਰ, ਓਮ ਪ੍ਰਕਾਸ਼, ਕੁਲਵੰਤ ਕੌਰ ਸਹੋਤਾ, ਅੰਮ੍ਰਿਤਪਾਲ ਸਿੰਘ ਸਹੋਤਾ, ਸਰਬਜੋਤ ਲੋਚਮ, ਸੀਤਲ ਕੌਰ ਸਹੋਤਾ , ਰਵਿੰਦਰਜੀਤ ਕੌਰ ਸਹੋਤਾ, ਜਗਮੋਹਨ ਲੋਚਮ,ਗੋਬਿੰਦਰ ਕੌਰ ਸੋਹਲ, ਜਗਦੀਸ਼ ਕੌਰ ਸੰਘੇੜਾ, ਸਰਤਾਜ ਸਿੰਘ ਗਿੱਲ, ਦਮਨਦੀਪ ਕੌਰ ਖੱਟੜਾ,ਸੁਖਦਰਸ਼ਨ ਸਿੰਘ ਖੱਟੜਾ, ਅਰਜ ਸਿੰਘ, ਲਾਲੀ ਸੰਧੂ ,ਚਰਨਜੀਤ ਸਿੰਘ ਖੁਰਾਨਾ, ਸੰਗੀਤਾ ਖੁਰਾਨਾ,ਪਰਮਜੀਤ ਸਿੰਘ ਸ਼ੇਰਗਿੱਲ, ਕਿਰਨਜੀਤ ਕੌਰ ਸੋਹਲ,ਕੁਲਵਿੰਦਰ ਕੌਰ ਚੌਹਾਨ,ਸਰਬਜੀਤ ਸਿੰਘ ਝੱਲੀ, ਸੁਖਪ੍ਰੀਤ ਸਿੰਘ ਮੱਲੀ, ਇੰਦਰਜੀਤ ਸਿੰਘ ਪੰਨੂ, ਤਨਵੀਰ ਕੌਰ , ਲੋਗਨ ਸੈਜ਼ਡੋਵਿਟਜ਼, ਗੁਰਵਿੰਦਰ ਨਿੱਜਰ, ਕੁਲਜਿੰਦਰ ਸਿੰਘ, ਮਲਕੀਤ ਸਿੰਘ ਗਿੱਲ, ਹਰਿੰਦਰ ਕੌਰ, ਹਰਜਿੰਦਰ ਸਿੰਘ ਮਿਨਹਾਸ, ਗੁਰਿੰਦਰ ਗਰੇਵਾਲ, ਦਲਜੀਤ ਸਿੰਘ ਮਣਕੂ, ਜਸਬੀਰ ਸਿੰਘ ਥਿੰਦ, ਪ੍ਰੀਤ ਅਠਵਾਲ, ਜਸਵਿੰਦਰ ਕੌਰ ਲ੍ਹੇਲ, ਕਿੰਦਰਵੀਰ ਸਿੰਘ ਅਤੇ ਹੋਰ ਦਰਸ਼ਕਾਂ ਦੀ ਹਾਜ਼ਰੀ ਸਭਾ ਲਈ ਮਾਣ ਵਾਲੀ ਗੱਲ ਸੀ।

ਸਭਾ ਦੀ ਮਨੋਂ-ਧਨੋਂ ਸੇਵਾ ਕਰਨ ਵਾਲੇ ਸੱਜਣ ਸਾਹਿਬ ਸਿੰਘ ਨਿੱਝਰ ਜੀ ਦਾ ਅੱਜ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਕੱਲੀਆਂ ਸਾਹਿਤ ਸਭਾਵਾਂ ਹੀ ਨਹੀਂ ਬਲਕਿ ਲੋਕ-ਸੇਵਾ ਦੇ ਕੰਮਾਂ ਲਈ ਸਦਾ ਤਤਪਰ ਮਨਮੋਹਨ ਸਿੰਘ ਧਾਲੀਵਾਲ, ਹਰਦੇਵ ਸਿੰਘ ਜੱਜ ਅਤੇ ਬਲਜੀਤ ਸਿੰਘ ਸੋਹਲ ਜੀ ਅੱਜ ਦੇ ਪ੍ਰੋਗਰਾਮ ਦੇ ਸ਼ਿੰਗਾਰ ਸਨ।

ਗੁਰਦੀਪ ਸਿੰਘ ਸਿੱਧੂ ਜੋ ਕਿ ਹਰ ਸਾਲ ਬੱਚਿਆਂ ਲਈ ਸਮਰਕੈਂਪ ਆਯੋਜਿਤ ਕਰਦੇ ਹਨ,ਆਪਣੀ ਸਮੁੱਚੀ ਟੀਮ ਨਾਲ ਹਾਜ਼ਰ ਸਨ, ਉਹਨਾਂ ਨੇ ਬੱਚਿਆਂ ਨੂੰ ਸਾਹਿਤ, ਖੇਡਾਂ ਅਤੇ ਸੱਭਿਆਚਾਰ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ।

ਸਾਰੇ ਪ੍ਰੋਗਰਾਮ ਦਾ ਇਕ ਇਕ ਪਲ ਕੈਮਰੇ ਦੀ ਅੱਖ ਵਿੱਚ ਕੈਦ ਹੁੰਦਾ ਗਿਆ,ਸੋਸ਼ਲ ਮੀਡੀਆਂ ਦੇ ਮਾਧਿਅਮਾਂ ਨੇ ਪ੍ਰੋਗਰਾਮ ਨੂੰ ਘਰ ਘਰ ਪਹੁੰਚਾਉਣ ਲਈ ਆਪਣੇ ਵਿੱਚ ਜ਼ਜਬ ਕਰ ਲਿਆ।ਪੰਜਾਬੀ ਭਾਈਚਾਰੇ ਖਾਸ ਕਰਕੇ ਕਾਰੋਬਾਰੀ ਲੋਕਾਂ ਵੱਲੋਂ ਲਿਖਾਰੀ ਸਭਾ ਨੂੰ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ।ਚਾਹ ਪਾਣੀ ਦੀ ਸੇਵਾ ਲਈ ਖੁੱਲ੍ਹੇ ਭੰਡਾਰੇ ਹਾਜ਼ਰ ਸਨ ਜਿਸਦਾ ਸਿਹਰਾ ਗੋਲਡਨ ਕਰੀ ਦੇ ਸਤਨਾਮ ਸਿੰਘ ਅਤੇ ਸਟਾਫ਼ ਨੂੰ ਜਾਂਦਾ ਹੈ। ਲਿਖਾਰੀ ਸਭਾ ਵੱਲੋਂ ਗੋਲਡਨ ਕਰੀ ਦੇ ਮਾਲਕਾਂ ਅਤੇ ਸਟਾਫ ਦਾ ਵਿਸ਼ੇਸ਼ ਧਨਵਾਦ ਕੀਤਾ ਗਿਆ।


Member FDIC EQUAL HOUSING LENDER SBA Preferred Lender



**Bank of Hope SBA Loans***

- **Fast decisions** through PLP Lender
- **Long term financing** up to 25 years for real estate loans, 10 years for business loans
- **Low down payments** as low as 10% for real estate loans
- **Fully amortized payments** with no balloon payments
- **Closing costs financing** available for eligible applicants

*All terms and conditions are subject to underwriting and credit approval.

**Bank of Hope Commercial Lending**

- **Commercial Loans**
  - Financing for retail strip centers and apartment purchases or refinances
- **Term Loan Features**
  - Up to 7-year installment terms
  - Fixed monthly payments (principal & interest) with full repayment at maturity
  - Lump sum disbursement
  - Fixed or variable interest rates
- **Commercial Real Estate Loans & Lines of Credit**
  - Ideal for purchasing or refinancing commercial properties for business owners

**Top 2% SBA Lender in the U.S. by Volume‡**

**Best-in-Class Banking Built to Respect Your Journey**

**Brian Kang** Business Banking / SVP & PNW Business Banking Regional Director
**Seattle Office** (425) 921-1098 **Portland Office** (971) 801-6275

Scan for more Info

Bank of Hope®

‡Source: SBA national lender rankings for Fiscal Year ended 09/30/2024.

**(ਸਫਾ ਏ-37 ਦੀ ਬਾਕੀ)**

ਉਸ ਦੇ ਕਤਲ ਨੂੰ ਜਾਇਜ਼ ਠਹਿਰਾਏ ਜਾਂ ਨਾਜਾਇਜ਼, ਇਸ ਮਸਲੇ ਤੋਂ ਪਹਿਲਾਂ ਲਿਖਤ ਦੇ ਪੱਧਰ ਤੇ ਇਕ ਅਰਥ ਰੱਖਦੀ ਹੈ. ਇਹ ਹਿੰਮਤ ਅੱਜ ਵੀ ਨਾ ਤਾਂ ਵਰਿਆਮ ਸਿੰਘ ਸੰਧੂ ਕਰ ਸਕਦੇ ਹਨ ਤੇ ਨਾ ਹੀ ਸਮੁੱਚੇ ਪੰਜਾਬੀ ਸਾਹਿਤ ਦਾ ਕੋਈ ਹੋਰ ਖੱਬੇ ਪੱਖੀ ਸਮਝ ਦਾ ਸਾਹਿਤਕਾਰ. ਇਸ ਪਹਿਲ ਦਾ ਹਾਂ ਪੱਖੀ ਪੱਖ ਦੇਖਣ ਦੀ ਬਜਾਏ ਵਰਿਆਮ ਸੰਧੂ ਇਸ ਵਿਚੋਂ ਵੀ ਆਪਣੀ ਸੰਕੀਰਨਤਾ ਕਾਰਨ ਇਹ ਵੇਖਣ ਦੀ ਕੋਸ਼ਸ਼ ਕਰ ਰਹੇ ਹਨ ਕਿ ਮਹਿਬੂਬ ਪਾਸ਼ ਜਿਹੇ ਬੰਦੇ ਦੇ ਪੱਖ ਵਿਚ ਕਿਉਂ ਨਹੀਂ ਖੜ੍ਹੇ. ਜਦ ਕਿ ਹੁਣ ਇਹ ਸਾਬਤ ਹੋ ਚੁੱਕਾ ਹੈ ਕਿ ਪਾਸ਼ ਦੇ ਹੱਕ ਵਿਚ ਖੜਨ ਦਾ ਸਾਫ ਅਰਥ ਹੈ ਸੱਤਾ ਦੇ ਪੱਖ ਵਿਚ ਖੜਨਾ. ਖਾਸ ਕਰ ਚੁਰਾਸੀਵਿਆਂ ਦੀ ਸਿੱਖ ਖਾੜਕੂ ਲਹਿਰ ਦੇ ਹਵਾਲੇ ਨਾਲ ਤਾਂ ਅਸੀਂ ਇਹ ਆਸਾਨੀ ਨਾਲ ਹੀ ਕਹਿ ਸਕਦੇ ਹਾਂ. ਪਰ ਵਰਿਆਮ ਸਿੰਘ ਸੰਧੂ ਨਾ ਸਿਰਫ ਇੱਥੇ ਹਰਿੰਦਰ ਸਿੰਘ ਮਹਿਬੂਬ ਖ਼ਿਲਾਫ਼ ਸਾਜਿਸ਼ਾਨਾ ਪ੍ਰਾਪੇਗੰਡਾ ਚਲਾ ਰਹੇ ਹਨ, ਬਲਕਿ ਇਕ ਨਿਮਨ ਤੁਕਬੰਦੀ ਤੇ ਨਾਅਰੇਬਾਜ ਲੇਖਕ ਪਾਸ਼ ਨੂੰ ਵਿਚਾਰਕ ਸਮਝ ਦਾ ਝੰਡਾ ਬਰਦਾਰ ਵੀ ਐਲਾਨ ਰਹੇ ਹਨ.

ਇਹੀ ਨਹੀਂ, ਉਹ ਮੁੜ ਤੋਂ ਸਾਹਿਤ ਅਕਾਦਮੀ ਪੁਰਸਕਾਰ ਦਾ ਮਹਿਬੂਬ ਨਾਲ ਜੋੜਿਆ ਝੂਠ ਵੀ ਸਥਾਪਤ ਕਰਨ ਲਈ ਤਰਲੋ ਮੱਛੀ ਹੋ ਰਹੇ ਹਨ. ਜਦ ਕਿ ਮੈਂ ਇਹ ਗੱਲ ਤਿੰਨ ਸਾਲ ਪਹਿਲਾਂ ਵੀ ਉਨ੍ਹਾਂ ਨੂੰ ਪੁੱਛੀ ਸੀ ਕਿ ਜੇਕਰ ਮਹਿਬੂਬ ਆਪਣੀ ਕਿਤਾਬ ਦਾ ਇਕ ਪੰਨਾ ਫਾੜ ਕੇ ਸਾਹਿਤ ਅਕਾਦਮੀ ਨੂੰ ਭੇਜਦੇ ਹਨ ਤਾਂ ਉਸ ਨਾਲ ਕਈ ਸਵਾਲ ਉੱਭਰਦੇ ਹਨ, ਜਿਨ੍ਹਾਂ ਦਾ ਖੱਬੇਪੱਖੀ ਤੇ ਮਹਿਬੂਬ ਵਿਰੋਧੀਆਂ ਨੇ ਅੱਜ ਤੱਕ ਕੋਈ ਜੁਆਬ ਨਹੀਂ ਦਿੱਤਾ.

੧. ਸਭ ਨੂੰ ਪਤਾ ਹੈ ਕਿ ਸਾਹਿਤ ਅਕਾਦਮੀ ਪੁਰਸਕਾਰ ਲਈ ਕਿਤਾਬ ਕਿਸੇ ਵੀ ਚੋਣ ਪੈਨਲ ਦੇ ਸਿਰਫ ਇਕ ਸ਼ਖ਼ਸ ਕੋਲ ਨਹੀਂ ਜਾਂਦੀ. ਉਸ ਪੈਨਲ ਵਿਚ ਘੱਟੋ-ਘੱਟ ਦੋ ਚਾਰ ਸਾਹਿਤਕਾਰ, ਜੋ ਸੀਨੀਅਰ ਹੁੰਦੇ ਹਨ, ਸ਼ਾਮਲ ਰਹਿੰਦੇ ਹਨ. ਸਵਾਲ ਇਹ ਹੈ ਕਿ ਜੇਕਰ ਅੰਮ੍ਰਿਤਾ ਪ੍ਰੀਤਮ ਕੋਲ ਪਹੁੰਚੀ ਝਨਾਂ ਦੀ ਰਾਤ ਦੇ ਪੰਨੇ ਫਾੜ ਕੇ ਭੇਜੇ ਗਏ ਸਨ ਤਾਂ ਦੂਜੇ ਲੇਖਕਾਂ ਨੂੰ ਵੀ ਯਕੀਨਨ ਅਜਿਹੀ ਹੀ ਕਿਤਾਬ ਮਿਲੀ ਹੋਵੇਗੀ. ਉਹ ਫਟੇ ਪੰਨੇ ਵਾਲੀ ਕਿਤਾਬ ਖੱਬੇਪੱਖੀਆਂ ਜਾਂ ਅੰਮ੍ਰਿਤਾ ਪ੍ਰੀਤਮ ਨੇ ਕਦੀ ਜਨਤਕ ਕਿਉਂ ਨਹੀਂ ਕੀਤੀ. ਇਨਾਮ ਮਿਲਣ ਤੋਂ ਬਾਅਦ ਮਹਿਬੂਬ ਕਿੰਨੇ ਹੀ ਸਾਲ ਜਿਉਂਦੇ ਰਹੇ, ਉਨ੍ਹਾਂ ਤੋਂ ਵਰਿਆਮ ਸੰਧੂ ਨੇ ਕਦੀ ਪੁੱਛਿਆ ਕਿਉਂ ਨਹੀਂ ਇਸ ਬਾਰੇ. ਤੇ ਜੇਕਰ ਪੁੱਛਿਆ ਸੀ ਉਸ ਦਾ ਜੁਆਬ ਕਿੱਥੇ ਹੈ?

੨. ਜੇਕਰ ਝਨਾਂ ਦੀ ਰਾਤ ਦੇ ਪੰਨੇ ਫਾੜ ਕੇ ਉਸ ਨੂੰ ਅਕਾਦਮੀ ਪੁਰਸਕਾਰ ਲਈ ਭੇਜਿਆ ਗਿਆ ਸੀ ਤਾਂ ਅਕਾਦਮੀ ਸਮੇਤ, ਚੋਣ ਕਮੇਟੀ ਦੀਆਂ ਅੱਖਾਂ ਵਿੱਚ ਉਸ ਵਕਤ ਕਿਹੜਾ ਮੋਤੀਆ ਉੱਤਰਿਆ ਹੋਇਆ ਸੀ, ਜੋ ਉਸ ਨੂੰ ਇਹ ਨਹੀਂ ਪਤਾ ਲੱਗਾ ਕਿ ਅਸੀਂ ਜਿਸ ਕਿਤਾਬ ਨੂੰ ਭਾਰਤ ਦਾ ਸਭ ਤੋਂ ਵੱਡਾ ਸਾਹਿਤਕ ਇਨਾਮ ਦੇ ਰਹੇ ਹਨ, ਉਸ ਵਿੱਚ ਕੀ ਲਿਖਿਆ ਹੈ ਤੇ ਉਸ ਦੇ ਪੰਨੇ ਕਿਉਂ ਫਾੜੇ ਗਏ ਹਨ? ਅੰਮ੍ਰਿਤਾ ਪ੍ਰੀਤਮ ਤਾਂ ਇਸ ਗੱਲ ਤੋਂ ਸਾਫ ਮੁੱਕਰ ਗਈ ਕਿ ਮੈਂ ਝਨਾਂ ਦੀ ਰਾਤ ਪੜ੍ਹੀ ਨਹੀਂ ਸੀ, ਫਿਰ ਬਿਨਾਂ ਪੜ੍ਹਨ ਦੇ ਉਸ ਨੇ ਇਨਾਮ ਕਿਵੇਂ ਤੇ ਕਿਸ ਸਹਿਮਤੀ ਵਿੱਚ ਦਿੱਤਾ? ਇਹ ਪੰਜਾਬੀ ਦੇ ਕਿਸੇ ਵੀ ਸਾਹਿਤਕਾਰ ਨੇ ਕਦੀ ਪ੍ਰੀਤਮ ਨੂੰ ਕੀਤਾ? ਜੇਕਰ ਨਹੀਂ ਕੀਤਾ ਤਾਂ ਕਿਉਂ ਨਹੀਂ ਕੀਤਾ? ਕੀ ਅੰਮ੍ਰਿਤਾ ਪ੍ਰੀਤਮ ਨੂੰ ਕਿਸੇ ਗੱਲ ਦਾ ਡਰ ਸੀ, ਜਿਵੇਂਕਿ ਕਿਹਾ ਜਾਂਦਾ ਹੈ ਕਿ ਖਾੜਕੂਆਂ ਨੇ ਉਸ ਨੂੰ ਧਮਕੀ ਦਿੱਤੀ ਸੀ, ਪਰ ਇਹ ਧਮਕੀ ਪੈਨਲ ਵਿਚਲੇ ਕਿਸੇ ਦੂਜੇ ਚੋਣਕਾਰ ਜਾਂ ਸਾਹਿਤ ਅਕਾਦਮੀ ਦੇ ਪ੍ਰਧਾਨ ਨੂੰ ਕਿਉਂ ਨਹੀਂ ਗਈ? ਕੀ ਜੇਕਰ ਅੱਜ ਮੈਂ ਸਾਹਿਤ ਅਕਾਦਮੀ ਦੇ ਕਿਸੇ ਚੋਣਕਾਰ ਨੂੰ ਧਮਕੀ ਦੇਵਾਂ ਤਾਂ ਮੈਨੂੰ ਸਾਹਿਤ ਅਕਾਦਮੀ ਮਿਲ ਜਾਏਗਾ? ਪੰਜਾਬ ਦੇ ਨਖਿੱਧ ਮਹਿਬੂਬ ਵਿਰੋਧੀਆਂ ਨੂੰ ਇਸ ਦਾ ਜਵਾਬ ਜ਼ਰੂਰ ਦੇਣਾ ਚਾਹੀਦਾ.

੩. ਇੱਕ ਅਹਿਮ ਗੱਲ ਇਹ ਵੀ ਹੈ ਕਿ ਜਦ ਵਰਿਆਮ ਸੰਧੂ ਮਹਿਬੂਬ ਤੇ ਦੂਸ਼ਣ ਲਗਾਉਂਦੇ ਹਨ ਤਾਂ ਉਦੋਂ ਇਸ ਪੱਖ ਵਿੱਚ ਕੋਈ ਸਬੂਤ ਪੇਸ਼ ਕਿਉਂ ਨਹੀਂ ਕਰਦੇ. ਜਿੱਥੋਂ ਤੱਕ ਮੇਰੇ ਧਿਆਨ ਵਿੱਚ ਆਇਆ ਹੈ- ਕੋਈ ਕਹਿੰਦਾ ਹੈ ਮਹਿਬੂਬ ਨੇ ਪੰਨੇ ਫਾੜ ਕੇ ਕਿਤਾਬ ਭੇਜੀ, ਕੋਈ ਕਹਿੰਦਾ ਉਸ ਨੇ ਇੰਦਰਾ ਗਾਂਧੀ ਵਾਲੀ ਕਵਿਤਾ ਜਿੱਥੇ ਉਸ ਨੂੰ ਡੈਣ ਕਿਹਾ ਗਿਆ ਹੈ, ਉੱਥੇ ਲੀਕ ਮਾਰ ਕੇ ਕਿਤਾਬ ਭੇਜੀ, ਕੋਈ ਕਹਿ ਰਿਹਾ ਖਾੜਕੂਆਂ ਨੇ ਇਸ ਇਨਾਮ ਦਾ ਪ੍ਰਬੰਧ ਕੀਤਾ. ਪਰ ਸਵਾਲ ਇਹ ਹੈ ਕਿ ਜੇਕਰ ਕਿਤਾਬ ਨਾਲ ਛੇੜਛਾੜ ਕਰਕੇ ਵੀ ਇਨਾਮ ਮਿਲ ਜਾਂਦਾ ਹੈ ਤਾਂ ਇਸ ਵਿੱਚ ਦੋਸ਼ ਕਿਸ ਦਾ ਹੈ- ਇਨਾਮ ਦੇਣ ਵਾਲੇ ਦਾ ਜਾਂ ਲੈਣ ਵਾਲੇ ਦਾ?

ਜੇਕਰ ਖਾੜਕੂ ਕਿਸੇ ਲੇਖਕ ਨੂੰ ਸਾਹਿਤ ਅਕਾਦਮੀ ਦਿਵਾ ਸਕਦੇ ਸਨ ਤਾਂ ਖਾੜਕੂ ਲਹਿਰ ਪੂਰੇ ਦਸ ਸਾਲ ਪੰਜਾਬ ਵਿੱਚ ਸਰਗਰਮ ਰਹੀ, ਫਿਰ ਉਨ੍ਹਾਂ ਦਸ ਸਾਲਾਂ ਵਿੱਚ ਤਾਂ ਸਿੱਖ ਪੱਖ ਦੇ ਦਸ ਲੇਖਕਾਂ ਕੋਲ ਸਾਹਿਤ ਅਕਾਦਮੀ ਹੋਣਾ ਸੀ. ਇਕੱਲੇ ਮਹਿਬੂਬ ਹੁਰਾਂ ਕੋਲ ਇਹ ਕਿਉਂ ਆਇਆ? ਜਦਕਿ ਓਹ ਤੇ ਸਿੱਧੇ ਤੌਰ ਤੇ ਉਸ ਸੁਰ ਦੇ ਸਨ ਵੀ ਨਹੀਂ.

ਝਨਾਂ ਦੀ ਰਾਤ ਖਾੜਕੂ ਕਾਵਿ ਰਚਨਾ ਤੇ ਹੈ ਹੀ ਨਹੀਂ. ਇਸ ਦਾ ਵੱਡਾ ਹਿੱਸਾ ਸਭਿਅਤਾ ਤੇ ਸੱਭਿਆਚਾਰ ਨੂੰ ਸਾਂਝਾ ਕਰਦਾ, ਸਿਰਫ ਆਖ਼ਰੀ ਕਿਤਾਬ "ਸ਼ਹੀਦ ਦੀ ਅਰਦਾਸ" ਵਿਚ ਕੁਝ ਕਵਿਤਾਵਾਂ ਸਿੱਖ ਲਹਿਰ ਦੇ ਬਾਗ਼ੀ ਸੁਭਾਅ ਬਾਬਤ ਹਨ. ਫਿਰ ਇਹ ਰੌਲਾ ਕਿਸ ਆਧਾਰ ਤੇ?

ਬਾਕੀ ਗੱਲਾਂ ਚੱਲੋ ਇਕ ਪਾਸੇ ਰਹੀਆਂ. ਵਰਿਆਮ ਸੰਧੂ ਇਹੀ ਦੱਸ ਦੇਣ ਕੇ ਝਨਾਂ ਦੀ ਰਾਤ ਦੇ ਪਹਿਲੇ ਪ੍ਰਕਾਸ਼ਨ ਦੌਰਾਨ ਉਸ ਦੇ ਸਾਹਿਤਕ ਪੱਖ ਦੇ ਹਾਣ ਦੀ ਹੋਰ ਕਿਹੜੀ ਰਚਨਾ ਸੀ ਜੋ ਇਸ ਪੁਰਸਕਾਰ ਦੇ ਯੋਗ ਸੀ?


ਹਕੀਕਤ ਇਹ ਹੈ ਕਿ ਝਨਾਂ ਦੀ ਰਾਤ ਦੀ ਕਵਿਤਾ ਤਾਂ ਛੱਡੋ, ਉਸ ਦੀ ਸਿਰਫ ਭੂਮਿਕਾ ਹੀ ਇਕ ਵੱਡਾ ਸਾਹਿਤਕ ਪੁਰਸਕਾਰ ਹਾਸਲ ਕਰਨ ਦੀ ਸਮਰੱਥਾ ਰੱਖਦੀ ਹੈ. ਪੰਜਾਬੀ ਦੀ ਅੱਜ ਤੱਕ ਦੀ ਕਿਸੇ ਹੋਰ ਦੂਜੀ ਕਿਤਾਬ ਦੀ ਇਸ ਤੋਂ ਨਿੱਗਰ ਭੂਮਿਕਾ ਕਿਸੇ ਨੇ ਲਿਖੀ ਹੋਏ, ਮੇਰੇ ਤੇ ਧਿਆਨ ਵਿੱਚ ਨਹੀਂ, ਮਹਿਬੂਬ ਵਿਰੋਧੀ ਹੀ ਇਹ ਦੱਸ ਦੇਣ ਕਿ ਕੀ ਕਿਸੇ ਹੋਰ ਕਵੀ ਨੇ ਅਜਿਹੀ ਭੂਮਿਕਾ ਤੱਕ ਲਿਖੀ ਹੈ. ਕਵਿਤਾ ਤੇ ਖ਼ੈਰ ਦੂਰ ਦੀ ਗੱਲ. ਉੱਪਰੋਂ ਪਾਸ਼ ਦੀ ਕਵਿਤਾ ਤਾਂ ਮਹਿਬੂਬ ਦੀ ਕਵਿਤਾ ਦੀ ਪਾਸਕੂ ਵੀ ਨਹੀਂ.

ਮਹਿਬੂਬ ਦੀ ਕਵਿਤਾ ਅੰਦਰ ਜਿਹੜਾ ਸੂਖਮ ਭਾਵ ਤੇ ਸੰਵੇਦਨਾ ਹੈ, ਪਾਸ਼ ਨੂੰ ਤੇ ਉਸ ਦੀ ਉੱਕਾ ਹੀ ਅਕਲ ਨਹੀਂ ਸੀ ਕਿ ਉਸ ਨਾਲ ਕਿਵੇਂ ਨਜਿੱਠਣਾ ਹੈ. ਇਹ ਤੇ ਹਰਿੰਦਰ ਸਿੰਘ ਮਹਿਬੂਬ ਦਾ ਸੁਹਜ ਸੀ, ਜੋ ਉਸ ਨੇ ਆਪਣੇ ਵਿਚਾਰਕ ਵਿਰੋਧੀ ਦੇ ਕਤਲ ਤੇ ਚਾਰ ਸ਼ਬਦ ਲਿਖੇ, ਮਹਿਬੂਬ ਦੀ ਥਾਂ ਮੈਂ ਹੁੰਦਾ, ਮੈਂ ਸਾਫ ਤੌਰ ਤੇ ਖ਼ੁਸ਼ੀ ਮਹਿਸੂਸ ਕਰਦਾ ਕਿ ਚਲੋ ਪੰਜਾਬੀ ਸਾਹਿਤ ਦਾ ਇਕ ਗੰਦ ਆਪਣੀ ਔਧ ਮੁਕਾ ਕੇ ਮਰ ਗਿਆ. ਮੇਰੀ ਛੱਡੋ, ਖੁਦ ਏਨਾ ਜਿਗਰਾ ਤੇ ਵਰਿਆਮ ਸੰਧੂ ਹੁਰੀ ਵੀ ਨਹੀਂ ਕਰ ਸਕਦੇ. ਫਿਰ ਮਹਿਬੂਬ ਦਾ ਵਿਰੋਧ ਕਿਉਂ?

ਸਿਰਫ ਇਸ ਲਈ ਕਿਉਂਕਿ ਉਹ ਪੰਜਾਬੀ ਦੇ ਖੱਬੇਪੱਖੀ ਸਾਹਿਤਕਾਰਾਂ ਵਾਂਗ ਸਿੱਖ ਖਾੜਕੂ ਲਹਿਰ ਦੇ ਮੁੱਦੇ ਤੇ ਸੱਤਾ ਦੇ ਹੇਠ ਕੋਡਾ ਨਹੀਂ ਹੋਇਆ. ਇਸ ਤੋਂ ਬਿਨਾਂ ਮਹਿਬੂਬ ਦੇ ਵਿਰੋਧ ਦਾ ਤੁਹਾਨੂੰ ਸ਼ਾਇਦ ਹੀ ਕੋਈ ਦੂਜਾ ਕਾਰਨ ਲੱਭੇ।

***ਡਾ. ਪਰਮਿੰਦਰ ਸਿੰਘ ਸ਼ੌਂਕੀ**

# ਰੈਂਟਨ, ਵਾਸ਼ਿੰਗਟਨ ਵਿਖੇ ਬਾਬਾ ਬੁੱਢਾ ਜੀ ਦਾ ਜਨਮ ਦਿਵਸ 3 ਤੋਂ 5 ਅਕਤੂਬਰ ਨੂੰ



ਸਿਆਟਲ (ਪੰਜਾਬ ਮੇਲ)- ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਪੁੱਤਰਾਂ ਦੇ ਦਾਨੀ, ਹੈੱਡ ਗ੍ਰੰਥੀ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਦੂਜੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਤਾਗੱਦੀ ਸੌਂਪਣ ਦੀਆਂ ਰਸਮਾਂ ਨਿਭਾਉਣ ਵਾਲੇ ਧੰਨ ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ 3 ਤੋਂ 5 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬਾਬਾ ਬੁੱਢਾ ਜੀ ਸੰਸਥਾ ਦੇ ਪ੍ਰਧਾਨ ਡਾ. ਸੁਰਿੰਦਰਪਾਲ ਸਿੰਘ ਤੂੰਗ ਨੇ ਦੱਸਿਆ ਕਿ ਇਸ ਮੌਕੇ ਧਾਰਮਿਕ ਦੀਵਾਨ ਸਜਾਏ ਜਾਣਗੇ। ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ ਹੋਵੇਗੀ ਅਤੇ 5 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਵਰਿਆਮ ਸਿੰਘ ਅਤੇ ਭਾਈ ਜਰਨੈਲ ਸਿੰਘ ਜੀ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਉਣਗੇ। ਭਾਈ ਸੰਦੀਪ ਸਿੰਘ ਲੁਹਾਰਾ ਐੱਲ.ਏ. ਵਾਲੇ ਸੰਗਤਾਂ ਨੂੰ ਬਾਬਾ ਬੁੱਢਾ ਜੀ ਦੀ ਜੀਵਨੀ ਬਾਰੇ ਚਾਨਣਾ ਪਾਉਣਗੇ। ਗੁਰੂ ਘਰ ਰੈਂਟਨ ਅਤੇ ਬਾਬਾ ਬੁੱਢਾ ਜੀ ਸੰਸਥਾ ਵੱਲੋਂ ਇਸ ਮੌਕੇ ਸਮੂਹ ਸੰਗਤ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਹੋਰ ਵਧੇਰੇ ਜਾਣਕਾਰੀ ਲਈ 206-604-0982 'ਤੇ ਸੰਪਰਕ ਕੀਤਾ ਜਾ ਸਕਦਾ ਹੈ।


**ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200**

**ਗੁਰੂ ਨਾਨਕ ਗੁਰਸਿੱਖ ਗੁਰਦੁਆਰਾ**

**ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)**

176 E Pole Road / 6934 Meridian St — Lynden, WA. 98264 (Bellingham)



**14 ਸਤੰਬਰ ਦਿਨ ਐਤਵਾਰ ਸਰਪ੍ਰੀਤ ਸਿੰਘ ਪਰਿਵਾਰ ਵੱਲੋਂ ਲੰਗਰਾਂ ਦੀ ਸੇਵਾ ਹੋਵੇਗੀ**

**14 ਸਤੰਬਰ ਦਿਨ ਐਤਵਾਰ ਸਮੂਹ ਸੰਗਤਾਂ ਵੱਲੋਂ ਹਫਤਾਵਾਰੀ ਦੀਵਾਨ ਸਜਣਗੇ**

ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184

**ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ**

# ਸਰੀ ਰਾਸ਼ਟਰੀ ਰੁੱਖ ਦਿਵਸ ਦੀ ਸ਼ੁਰੂਆਤ ਹੱਥੀਂ ਬੂਟੇ ਲਗਾਉਣ ਵਾਲੇ ਸਮਾਗਮਾਂ ਨਾਲ ਕਰੇਗਾ



ਸਰੀ- ਸਰੀ ਸ਼ਹਿਰ ਦਾ ਸਾਲਾਨਾ ਰੀਲੀਫ ਟਰੀ ਪਲਾਂਟਿੰਗ ਪ੍ਰੋਗਰਾਮ 27 ਸਤੰਬਰ ਨੂੰ ਰਾਸ਼ਟਰੀ ਰੁੱਖ ਦਿਵਸ ਮੌਕੇ ਤੇ ਜੋਸ਼ ਭਰੇ ਸਮਾਗਮ ਨਾਲ ਸ਼ੁਰੂ ਹੋ ਰਿਹਾ ਹੈ। ਸ਼ਹਿਰ ਵਿੱਚ ਹਰਿਆਲੀ ਵਧਾਉਣ ਲਈ, ਸਿਟੀ ਵੱਲੋਂ ਬੂਟੇ ਲਾਉਣ ਲਈ ਉਲੀਕੇ ਗਏ ਹਫ਼ਤਾਵਾਰੀ ਸਮਾਰੋਹਾਂ ਵਿੱਚ, ਜਿੱਥੇ ਸਾਰੇ ਉਮਰ ਦੇ ਨਿਵਾਸੀਆਂ ਨੂੰ ਹੱਥੋ- ਹੱਥੀਂ ਰੁੱਖ ਲਗਾਉਣ ਦਾ ਮੌਕਾ ਮਿਲੇਗਾ, ਉੱਥੇ ਉਹ ਸੰਗੀਤ ਤੇ ਹੋਰ ਗਤੀਵਿਧੀਆਂ ਦਾ ਅਨੰਦ ਵੀ ਮਾਣ ਸਕਣਗੇ। ਪਿਛਲੇ 30 ਸਾਲਾਂ ਤੋਂ ਵੱਧ ਸਮੇਂ ਵਿੱਚ, ਰੀਲੀਫ ਦੇ ਵੋਲੰਟੀਅਰ, ਹਰ ਸਾਲ ਸਰੀ ਦੇ ਪਾਰਕਾਂ ਵਿੱਚ ਹਜ਼ਾਰਾਂ ਰੁੱਖ ਅਤੇ ਬੂਟੇ ਲਗਾਉਂਦੇ ਆ ਰਹੇ ਹਨ, ਜਿਸ ਨਾਲ ਕੁਦਰਤੀ ਇਲਾਕਿਆਂ ਦੀ ਪੁਨਰ-ਬਹਾਲੀ, ਹਵਾ ਦੀ ਗੁਣਵੱਤਾ ਵਿੱਚ ਸੁਧਾਰ, ਜੰਗਲੀ ਜੀਵਾਂ ਲਈ ਆਵਾਸ ਤੇ ਸਥਾਨਕ ਜੀਵ-ਵਿਭਿੰਨਤਾ ਮਜ਼ਬੂਤ ਹੋ ਰਹੀ ਹੈ। ਮੇਅਰ ਬਰੈਂਡਾ ਲੌਕ ਨੇ ਕਿਹਾ, "ਸਰੀ ਦਾ ਰੀਲੀਫ ਪ੍ਰੋਗਰਾਮ ਨਿਵਾਸੀਆਂ ਨੂੰ ਸਾਡੇ ਸ਼ਹਿਰੀ ਜੰਗਲ ਦੀ ਦੇਖਭਾਲ ਲਈ ਇਕੱਠਾ ਕਰਦਾ ਹੈ"। ਪਿਛਲੇ ਸਾਲ, 2,200 ਤੋਂ ਵੱਧ ਨਿਵਾਸੀਆਂ ਨੇ ਪਤਝੜ ਦੇ ਰੀਲੀਫ ਪ੍ਰੋਗਰਾਮ ਵਿੱਚ ਹਿੱਸਾ ਲਿਆ ਸੀ, ਜਿਸ ਵਿੱਚ 7,200 ਤੋਂ ਵੱਧ ਰੁੱਖ ਅਤੇ ਬੂਟੇ ਲਗਾਏ ਗਏ ਸਨ। ਇਹ ਯੋਗਦਾਨ ਸਰੀ ਦੇ ਹਰੇ-ਭਰੇ ਖੇਤਰਾਂ ਲਈ ਸਦੀਵੀ ਤੌਰ 'ਤੇ ਮਹੱਤਵਪੂਰਨ ਹੈ। ਮੈਂ ਸਾਰੇ ਵੋਲੰਟੀਅਰਾਂ ਦਾ ਧੰਨਵਾਦ ਕਰਦੀ ਹਾਂ, ਜਿਹੜੇ ਸਾਡੇ ਰੁੱਖ ਲਗਾਉਣ ਵਾਲੇ ਸਮਾਗਮਾਂ ਵਿੱਚ ਭਾਗ ਲੈ ਕੇ ਸਾਡੇ ਸ਼ਹਿਰੀ ਜੰਗਲ ਦੀ ਸਾਂਭ-ਸੰਭਾਲ ਕਰਨ ਤੇ ਵਧਾਉਣ ਵਿੱਚ ਮਦਦ ਕਰ ਰਹੇ ਹਨ"। ਇਸ ਪਤਝੜ ਦੇ ਰੁੱਖ ਲਗਾਉਣ ਵਾਲੇ ਸਮਾਰੋਹ ਪੰਜ ਪਾਰਕਾਂ ਵਿੱਚ ਹੋਣਗੇ:• ਬੋਲੀਵਰ ਪਾਰਕ, ਸ਼ਨੀਵਾਰ, 27 ਸਤੰਬਰ (ਸਵੇਰੇ 10 ਵਜੇ - ਦੁਪਹਿਰ 1 ਵਜੇ)• ਵਿਲੀਅਮ ਬੀਗਲ ਪਾਰਕ, ਸ਼ਨੀਵਾਰ, 4 ਅਕਤੂਬਰ (10 ਵਜੇ - 12 ਵਜੇ)• ਪੈਨੋਰਮਾ ਪਾਰਕ, ਸ਼ਨੀਵਾਰ, 11 ਅਕਤੂਬਰ (10 ਵਜੇ - 12 ਵਜੇ)• ਹੈਜ਼ਲਨਟ ਮੈਡੋਜ਼ ਕਮਿਊਨਿਟੀ ਪਾਰਕ, ਸ਼ਨੀਵਾਰ, 18 ਅਕਤੂਬਰ (10 ਵਜੇ - 12 ਵਜੇ)• ਕੈਨੇਡੀ ਪਾਰਕ, ਸ਼ਨੀਵਾਰ, 25 ਅਕਤੂਬਰ (10 ਵਜੇ - 12 ਵਜੇ)•

ਸ਼ਹਿਰੀ ਜੰਗਲਾਤ ਮਾਮਲਿਆਂ ਦੇ ਮੈਨੇਜਰ ਰੌਬ ਲੈਂਡਚੀ ਨੇ ਕਿਹਾ, " ਰੀਲੀਫ ਪ੍ਰੋਗਰਾਮ ਵਸਨੀਕਾਂ ਨੂੰ ਸਰੀ ਦੇ ਵਾਤਾਵਰਨ ਦੇ ਰਖਵਾਲੇ ਬਣਨ ਲਈ ਪ੍ਰੇਰਿਤ ਕਰਦਾ ਹੈ"। "ਚਾਹੇ ਤੁਸੀਂ ਆਪਣਾ ਪਹਿਲਾ ਰੁੱਖ ਲਗਾ ਰਹੇ ਹੋ ਜਾਂ 50 ਵਾਂ, ਹਰ ਯੋਗਦਾਨ ਸਾਡੀ ਸ਼ਹਿਰੀ ਛਾਂ ਨੂੰ ਮਜ਼ਬੂਤ ਕਰਨ ਅਤੇ ਸਾਡੇ ਪਾਰਕਾਂ ਵਿੱਚ ਜਲਵਾਯੂ ਲਚਕੀਲਾਪਣ ਲਿਆਉਣ ਵਿੱਚ ਸਹਾਇਤਾ ਕਰਦਾ ਹੈ। ਦਸਤਾਨੇ ਅਤੇ ਸਾਜ਼ੋ-ਸਾਮਾਨ ਮੁਫ਼ਤ ਦਿੱਤੇ ਜਾਣਗੇ। ਭਾਗੀਦਾਰਾਂ ਨੂੰ ਬੰਦ ਜੁੱਤੀਆਂ ਅਤੇ ਮੌਸਮ ਅਨੁਸਾਰ ਕੱਪੜੇ ਪਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ਪ੍ਰੋਗਰਾਮ ਮੀਂਹ ਵਿੱਚ ਵੀ ਜਾਰੀ ਰਹੇਗਾ, ਪਰ ਤੇਜ਼ ਹਵਾ ਜਾਂ ਗੰਭੀਰ ਮੌਸਮ ਹੋਣ 'ਤੇ ਰੱਦ ਕੀਤਾ ਜਾ ਸਕਦਾ ਹੈ।




## ਗੁਰੂ ਤੇਗ ਬਹਾਦਰ ਗੜ੍ਹ ਇਤਿਹਾਸਕ ਵਿਦਿਅਕ ਕੇਂਦਰ ਦੀ ਸਰੀ 'ਚ ਇਕੱਤਰਤਾ

"ਗੁਰੂ ਤੇਗ ਬਹਾਦਰ ਗੜ੍ਹ" ਸਥਿਤ ਸਕੂਲ ਇਸ ਇਲਾਕੇ ਦੀ ਸਿਰਮੌਰ ਵਿਦਿਆ ਸੰਸਥਾ ਹੈ, ਜਿਸ ਦਾ ਇਤਿਹਾਸ ਸੌ ਸਾਲ ਤੋਂ ਵੀ ਪੁਰਾਣਾ ਹੈ। ਸਕੂਲ ਤੋਂ ਬਿਨਾਂ ਇਸ ਜਗ੍ਹਾ 'ਤੇ ਇਕ ਡਿਗਰੀ ਕਾਲਜ ਤੇ ਇਕ ਇੰਜਨੀਅਰਿੰਗ ਕਾਲਜ ਵੀ ਹੈ। 1920 'ਚ ਸ਼ੁਰੂ ਹੋਏ ਇਸ ਮਿਡਲ ਸਕੂਲ ਤੋਂ ਅੱਜ ਦੇ ਸਮਾਰਟ ਸੀਨੀਆਰ ਸੈਕੰਡਰੀ ਸਕੂਲ ਤੱਕ ਦਾ ਸਫਰ ਬੜਾ ਗੌਰਵਮਈ ਹੈ। ਬਹੁਤ ਗੁਣੀ-ਗਿਅਨੀ, ਸੰਤ, ਵਿਦਵਾਨ, ਸਕਾਲਰ, ਲਿਖਾਰੀ 'ਤੇ ਖਿਲਾੜੀ ਇਸ ਸਕੂਲ ਦੀ ਪੈਦਾਵਰ ਹਨ। ਇਸ ਮਹਾਨ ਸੰਸਥਾ ਦੀ ਖਸਤਾ ਹਾਲਤ ਦੇਖ ਕੇ ਇਸ ਦੇ ਕੁਝ ਪੁਰਾਣੇ ਵਿਦਿਆਰੀਆਂ ਨੇ, ਸਥਾਨਕ ਭਾਈਚਾਰੇ ਦੀ ਮੱਦਦ ਨਾਲ ਇਸ ਦੀ ਕਾਇਆ ਕਲਪ ਕਰਨ ਦਾ ਬੀੜਾ ਚੁੱਕਿਆ ਹੈ। ਬਾਹਰਲੇ ਦੇਸ਼ਾਂ 'ਚ ਰਹਿੰਦੇ ਇਸ ਸਕੂਲ ਦੇ ਪੁਰਾਣੇ ਵਿਦਿਆਰਥੀ ਆਪਣਾ ਯੋਗਦਾਨ ਪੂਰੀ ਤਨਦੇਹੀ ਨਾਲ ਪਾ ਰਹੇ ਹਨ ਅਤੇ ਸਮੇਂ ਸਮੇਂ ਇਸ ਮੁਹਿੰਮ ਦੀ ਸਫਲਤਾ ਲਈ ਵਿਚਾਰ ਵਟਾਂਦਰਾ ਵੀ ਕਰਦੇ ਰਹਿੰਦੇ ਹਨ। ਵੈਨਕੂਵਰ ਇਲਾਕੇ 'ਚ ਰਹਿੰਦੇ ਇਨ੍ਹਾਂ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਇਸ ਮਸਲੇ 'ਤੇ ਵਿਚਾਰ-ਵਟਾਂਦਰਾ ਕਰਨ ਲਈ ਇਕ ਮੀਟਿੰਗ ਆਯੋਜਿਤ ਕੀਤੀ ਹੈ, ਜਿਸ ਵਿਚ ਸਾਰਿਆਂ ਨੂੰ ਸਮੇਂ ਸਿਰ ਪਹੁੰਚਣ ਲਈ ਅਪੀਲ ਕੀਤੀ ਜਾਂਦੀ ਹੈ। ਪ੍ਰੋਗਰਾਮ ਦਾ ਵੇਰਵਾ ਇਸ ਤਰ੍ਹਾਂ ਹੈ: 13, ਸਤੰਬਰ, ਦਿਨ ਸ਼ਨੀਵਾਰ, ਸਮਾਂ ਦੁਪਹਿਰ 1:00 ਵਜੇ ਤੋਂ 3:00 ਵਜੇ ਤੱਕ, ਸਥਾਨ: ਤਾਜ ਪਰਕ ਹਾਲ (8580-132 ਸਟਰੀਟ) ਸਰੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: ਪ੍ਰੋ. ਹਰਿੰਦਰਜੀਤ ਸੰਧੂ (604-603-7372) ਜਾਂ ਨਛੱਤਰ ਰੋਡੇ (604-761-6274)

ਸਿੰਘ ਸਭਾ ਗੁਰਦੁਆਰਾ
591 Telegraph Rd, Bellingham WA 98226




14 ਸਤੰਬਰ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ
ਸੋਮ ਦੱਤ ਅਤੇ ਜਗਦੀਸ਼ ਕੁਮਾਰੀ ਪਰਿਵਾਰ ਵੱਲੋਂ ਆਪਣੀ ਬੇਟੀ ਭਾਵਨਾ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ

ਸਵੇਰੇ 9 ਵਜੇ ਤੋਂ 10.30 ਵਜੇ ਤੱਕ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਉਪਰੰਤ ਕੀਰਤਨ ਦਰਬਾਰ ਸਜਣਗੇ।

ਅੰਮ੍ਰਿਤ ਵੇਲੇ ਦਾ ਸਮਾਂ: ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 5 ਵਜੇ ਨਿਤਨੇਮ 5:15 -6:15 ਵਜੇ ਤੱਕ ਆਸਾ ਦੀ ਵਾਰ 6:15-7:00 ਵਜੇ ਤੱਕ
ਸ਼ਾਮ ਦਾ ਨਿਤਨੇਮ: ਸ਼ਾਮ 6 ਵਜੇ ਤੋਂ 7 ਵਜੇ ਤੱਕ

ਰਾਗੀ ਜਥਾ:ਭਾਈ ਸਵਰਨ ਸਿੰਘ ਮਿੱਠਾ ਟਿਵਾਣਾ 360-961-6316

ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰ ਸਕਦੇ ਹੋ:360-306-8719

Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

Jashan Multani

206-243-4219



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,

-SIJ Guardianship Cases

- Car Accidents/Personal Injury
- Evictions

ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,

ਯੂ-ਵੀਜਾ, ਵਾਅਵਾ,

-SIJ ਗਾਰਡੀਅਨਸ਼ਿਪ ਕੇਸ

-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ

-ਕਿਰਾਏਦਾਰ ਕੱਢਣਾ

Website:multanilawgroup.com

Email:Jashan@multanilawgroup.com

*Add: 512 West Meeker St, Kent, WA 98032*

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ

# USA TRAVEL

## FLY from Seattle to India

### We Represent All Major Airlines

TURKISH AIRLINES

QATAR AIRWAYS القطرية

DELTA

Emirates

Lufthansa



Lowest Fare Guaranteed

We will beat any fare given in Kent/Seattle Area by Any Travel Agency

24 Hr Emergency
Call Amit Juneja: 206-992-2724



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451
1729 208th St Suite #202, Bothell WA 98012
Ph: 425-420-1888 | 425-420-1889
Email: info@usatravelguru.com
Website: www.usatravelguru.com

## *India Special FARES*

**USA Travel Services is your one-stop shop for all of your travel needs.**

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ ਅਤੇ ਪਾਸਪੋਰਟ ਬਣਵਾਉ




OPEN 6 DAYS A WEEK,
TUESDAY CLOSED

**OPENING HOURS**
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625
Fax: 425-228-4629
Serving Washington for 27 years.
www.pablacuisine.com
pablacuisine@gmail.com




# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties •Birthday Parties •Mehndi Parties • Business Meetings •Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559
Email: pablajas@yahoo.com




# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133

Sun to Thurs: 10 am-10 pm
Fri/Sat: 10 am to 11pm
Email:info@pizzastationwa.com



# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

PH:206-644-4010



# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200



# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Nijjar
NMLS 1484258
LA Financial Services
Cell:206-334-4035
email:nijjar.n@gmail.com


AUBURN'S
MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town
WIDE VARIETY OF FROZEN FOOD
When you spend $50 or more,get 5% discount
When you spend $100 or more,get 10% discount
Discount only apply to Indian Grocery
Apple Farm Paneer
$3.99/LB
Fresh Sugarcane Juice
Natural Energy Drink Refresh Your Power
PANI PURI
Fresh Smoothies
FREE PANI-PURI
FRI-SUN (12PM 5PM)
ONLY 4 Pani Puri/CUSTOMER
ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com
*All prices are marked down


Space Available for your Ad
ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
PUNJAB GUARDIAN
Call to Advertise 604-590-5200


WEST
CAPITAL LENDING
YOUR PREFFERRED LOCAL LENDER
• ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
• ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
• ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ
-CONVENTIONAL -FHA -VA Loans -30YR/15YR/10YR FIXED -DSCR
-P&L -30 DAY SOFR ARM -1099 PROGRAM -7/6 SOFR ARMS
-LOT/CUSTOM CONSTRUCTION LOAN AVAILABLE
-24/12 BANK STATEMENT LOANS
ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA
BRANCH MANAGER
WEST CAPITAL LENDING
Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614


HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment
Harpreet Singh, J.D. (253) 202-4516


JAG'S PIZZA
ਇੰਡੀਅਨ ਸਟਾਈਲ ਪੀਜ਼ਾ
ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ
ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ,
ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ,
ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM


Ready to grow your business?
Count on us for solutions.
Gifty Singh
Bellevue
400 112th Ave NE
206-909-5226
BANNER BANK
bannerbank.com
Member FDIC


LANCER TRUCKING LLC
21307-116TH AVE SE, KENT, WA 98031-2206
Running all across United States
Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313


ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL
LIQUOR - WINE
BEER AVAILABLE
ਇੱਥੇ ਫ੍ਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870